15-MAR-PAGE-1.qxd 3/14/2024 10:36 PM Page 1

ਸ਼ੁੱਕਰਵਾਰ, 15 ਮਾਰਚ, 2024
2 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 285

ਨਵਾਂ ਜ਼ਮਾਨਾ

DAILY NAWAN ZAMANA • FRIDAY, 15 MARCH, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਕਿਸਾਨਾਂ ਦੀ ਲਲਕਾਰ : ਸਰਕਾਰ ਵਹਿਮ ਨਾ ਪਾਲੇ

ਦਿੱਲੀ ਦੀ ਕਿਸਾਨ, ਮਜ਼ਦੂਰ ਮਹਾਂ-ਪੰਚਾਇਤ ਵੱਲੋਂ 23 ਨੂੰ ਲੋਕਤੰਤਰ ਬਚਾਓ ਦਿਵਸ ਮਨਾਉਣ ਦਾ ਸੱਦਾ

ਨਵੀਂ ਦਿੱਲੀ : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਵੀਰਵਾਰ ਰਾਮਲੀਲ੍ਹਾ ਮੈਦਾਨ ਵਿਚ ਹੋਈ ਕਿਸਾਨ-ਮਜ਼ਦੂਰ ਮਹਾਂ-ਪੰਚਾਇਤ ਨੇ ਧਨਬਲ ਤੇ ਬਾਹਬੂਲ ਦੇ ਖਤਰੇ ਖਿਲਾਫ 23 ਮਾਰਚ ਨੂੰ ਦੇਸ਼ ਦੇ ਸਾਰੇ ਪਿੰਡਾਂ ਵਿਚ ਲੋਕਤੰਤਰ ਬਚਾਓ ਦਿਵਸ ਮਨਾਉਣ ਦਾ ਸੱਦਾ ਦਿੱਤਾ। ਇਸ ਦੌਰਾਨ ਭਾਜਪਾ ਵੱਲੋਂ ਲਖੀਮਪੁਰ ਖੀਰੀ ਤੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਣੀ ਨੂੰ ਉਮੀਦਵਾਰ ਬਣਾਉਣ ਦਾ ਵਿਰੋਧ ਕੀਤਾ ਜਾਵੇਗਾ ਤੇ ਭਾਜਪਾ ਰਾਜ ਵਿਚ ਪਨਪੇ ਕਾਰਪੋਰੇਟ-ਅਪਰਾਧਕ-ਭ੍ਰਿਸ਼ਟ ਗਠਜੋੜ ਦਾ ਪਰਦਾ ਫਾਸ਼ ਕੀਤਾ ਜਾਵੇਗਾ। ਮੋਰਚੇ ਨੇ ਨੌਜਵਾਨ ਕਿਸਾਨ ਸ਼ੁਭਕਰਨ ਦੀ ਹੱਤਿਆ ਲਈ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਅਸਤੀਫਾ ਮੰਗਿਆ। ਘਟਨਾ ਦੀ ਨਿਆਂਇਕ ਜਾਂਚ ਤੇ ਜ਼ਿੰਮੇਵਾਰ ਆਗੂਆਂ ਖਿਲਾਫ ਐੱਫ ਆਈ ਆਰ ਦਰਜ ਕਰਨ ਦੀ ਮੰਗ ਕੀਤੀ। ਮਹਾਂ-ਪੰਚਾਇਤ ਨੇ ਮੰਗ ਕੀਤੀ ਕਿ ਐੱਮ ਐੱਸ ਪੀ ਗਰੰਟੀ ਕਾਨੂੰਨ ਲਿਆਂਦਾ ਜਾਵੇ, ਸਵਾਮੀਨਾਥਨ ਰਿਪੋਰਟ ਲਾਗੂ ਕੀਤੀ ਜਾਵੇ, ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣ, ਪਿਛਲੇ ਕਿਸਾਨ ਅੰਦੋਲਨ ਦੌਰਾਨ ਦਰਜ ਕੇਸ ਰੱਦ ਕੀਤੇ ਜਾਣ, ਕਿਸਾਨ ਅੰਦੋਲਨ ਵਿਚ ਸ਼ਹੀਦ ਹੋਣ ਵਾਲਿਆਂ ਦੇ ਪਰਵਾਰਾਂ ਨੂੰ ਮੁਆਵਜ਼ਾ ਦਿੱਤਾ ਜਾਵੇ, ਲਖੀਮਪੁਰ ਖੀਰੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾਵੇ ਅਤੇ ਜ਼ਮੀਨ ਐਕਵਾਇਰ ਕਾਨੂੰਨ ਦੀਆਂ ਕਿਸਾਨ ਵਿਰੋਧੀ ਮੱਦਾਂ 'ਤੇ ਨਜ਼ਰਸਾਨੀ ਕੀਤੀ ਜਾਵੇ। ਰਾਕੇਸ਼ ਟਿਕੈਤ ਨੇ ਕਿਹਾ ਕਿ ਸਰਕਾਰ ਮੋਰਚੇ ਨੂੰ ਤੋੜਨਾ ਚਾਹੁੰਦੀ ਹੈ, ਸਿੱਖਾਂ ਨੂੰ ਬਦਨਾਮ ਕਰ ਰਹੀ ਹੈ, ਪਰ ਪੂਰਾ ਦੇਸ਼ ਕਿਸਾਨਾਂ ਨਾਲ ਹੈ। ਕਿਸਾਨਾਂ ਦੇ ਵਿਸ਼ਾਲ ਇਕੱਠ ਤੋਂ ਸਰਕਾਰ ਨੂੰ ਸਮਝ ਆ ਜਾਣੀ ਚਾਹੀਦੀ ਹੈ ਕਿ ਉਹ ਇਕਮੁੱਠ ਹਨ। ਸਰਕਾਰ ਗੱਲਬਾਤ ਰਾਹੀਂ ਮੰਗਾਂ ਦਾ ਹੱਲ ਕਰੇ। ਇਹ ਅੰਦੋਲਨ ਰੁਕਣ ਵਾਲਾ ਨਹੀਂ। ਉਨ੍ਹਾ ਇਹ ਵੀ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕਿਸਾਨ ਅੰਦੋਲਨ ਚੱਲ ਰਹੇ ਹਨ, ਮੀਡੀਆ ਉਨ੍ਹਾਂ ਨੂੰ ਦਿਖਾ ਨਹੀਂ ਰਿਹਾ। ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਆਰ-ਪਾਰ ਦੀ ਲੜਾਈ ਹੋਵੇਗੀ। ਡਾ. ਦਰਸ਼ਨ ਪਾਲ ਨੇ ਕਿਹਾ ਕਿ ਬਾਰਡਰ 'ਤੇ ਕਿੱਲ ਲਾ ਕੇ ਕਿਸਾਨਾਂ ਨੂੰ ਦਿੱਲੀ ਆਉਣ ਤੋਂ ਰੋਕਿਆ ਗਿਆ। ਉਨ੍ਹਾ ਕਿਹਾ—ਅਸੀਂ ਉਨ੍ਹਾਂ ਨੂੰ ਪਿੰਡਾਂ ਵਿਚ ਨਹੀਂ ਆਉਣ ਦੇਵਾਂਗੇ ਤੇ ਸਬਕ ਸਿਖਾਵਾਂਗੇ।

ਦਿੱਲੀ ਪ੍ਰਸ਼ਾਸਨ ਨੇ ਮਹਾਂ-ਪੰਚਾਇਤ ਦੀ ਭਾਵੇਂ ਇਜਾਜ਼ਤ ਦੇ ਦਿੱਤੀ ਸੀ, ਪਰ ਦਿੱਲੀ ਪਹੁੰਚਣ ਵਾਲੇ ਕਿਸਾਨਾਂ ਨੂੰ ਕਾਫੀ ਪ੍ਰੇਸ਼ਾਨ ਕੀਤਾ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਆਪਣੇ ਸਾਥੀਆਂ ਨਾਲ ਅੰਬਾਲਾ ਤੋਂ ਦਿੱਲੀ ਆਏ ਤਾਂ ਰਸਤੇ ਵਿੱਚ ਕਈ ਥਾਵਾਂ 'ਤੇ ਪੁਲਸ ਨਾਲ ਬਹਿਸ ਕਰਨੀ ਪਈ, ਜਦ ਕਿ ਉਨ੍ਹਾ ਦੀ ਗੱਡੀ ਨੂੰ ਮਨਜ਼ੂਰੀ ਮਿਲੀ ਹੋਈ ਸੀ। ਕਿਸਾਨਾਂ ਦੇ ਜਿਹੜੇ ਕਾਫਲੇ ਪੁਰਾਣੀ ਦਿੱਲੀ ਰੇਲਵੇ ਸਟੇਸਨ 'ਤੇ ਉੱਤਰ ਕੇ ਗੁਰਦੁਆਰਾ ਬੰਗਲਾ ਸਾਹਿਬ ਨੂੰ ਜਾ ਰਹੇ ਸਨ ਉਨ੍ਹਾਂ ਨੂੰ ਕਨਾਟ ਪਲੇਸ ਕੋਲ ਬੱਸਾਂ ਵਿੱਚੋਂ ਉਤਾਰ ਲਿਆ ਅਤੇ ਪੁਲਸ ਦੀਆਂ ਬੱਸਾਂ 'ਚ ਬਿਠਾ ਕੇ ਇੱਧਰ-ਉੱਧਰ ਘੁੰਮਾਉਣ ਤੋਂ ਬਾਅਦ ਚਾਂਦਨੀ ਚੌਕ ਵਿਖੇ ਛੱਡ ਦਿੱਤਾ। ਨਾਲ ਹੀ ਸੀਸ ਗੰਜ ਗੁਰਦੁਆਰੇ 'ਚ ਰਹਿਣ ਦੀ ਨਸੀਹਤ ਦਿੱਤੀ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਜਥੇਬੰਦੀ ਦੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਨੂੰ ਮਾਨਸਾ ਜ਼ਿਲ੍ਹੇ ਦੇ ਸਾਥੀਆਂ ਅਤੇ ਬੀਬੀਆਂ ਸਮੇਤ ਕਨਾਟ ਪਲੇਸ ਤੋਂ ਚਾਂਦਨੀ ਚੌਕ ਲਿਜਾਇਆ ਗਿਆ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਸੂਬਾ ਪ੍ਰਧਾਨ ਦੀ ਗੱਡੀ ਨੂੰ ਵੀ ਨਵੀਂ ਦਿੱਲੀ ਵੱਲ ਜਾਣ ਤੋਂ ਰੋਕਿਆ। ਬਾਅਦ ਵਿੱਚ ਪਤਾ ਲੱਗਿਆ ਕਿ ਨਵੀਂ ਦਿੱਲੀ 'ਚ ਦਫਾ 144 ਲਾਈ ਹੋਈ ਹੈ ਅਤੇ ਪੁਰਾਣੀ ਦਿੱਲੀ ਤੋਂ ਨਵੀਂ ਦਿੱਲੀ ਵੱਲ ਕਿਸੇ ਨੂੰ ਵੀ ਜਾਣ ਨਹੀਂ ਦਿੱਤਾ ਜਾ ਰਿਹਾ। ਆਮ ਤੌਰ 'ਤੇ ਜਦੋਂ ਵੀ ਕਿਸਾਨਾਂ ਦਾ ਕੋਈ ਇਕੱਠ ਹੁੰਦਾ ਹੈ ਤਾਂ ਉਹ ਮੁੱਖ ਤੌਰ 'ਤੇ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਰੁਕਦੇ ਹਨ, ਪਰ ਕਿਸਾਨਾਂ ਨੂੰ ਇੱਥੇ ਪਹੁੰਚਣ ਤੋਂ ਰੋਕਿਆ ਗਿਆ ਤਾਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਬਹੁਤ ਜ਼ਿਆਦਾ ਭੀੜ ਹੋ ਗਈ। ਇਸ ਤੋਂ ਇਲਾਵਾ ਭਾਵੇਂ ਰਾਮਲੀਲ੍ਹਾ ਮੈਦਾਨ ਦੀ ਦੋ ਦਿਨ ਵਾਸਤੇ ਮਨਜ਼ੂਰੀ ਦਿੱਤੀ ਗਈ ਸੀ, ਪਰ ਰਾਤ ਨੂੰ ਆਉਣ ਵਾਲੇ ਕਿਸਾਨਾਂ ਨੂੰ ਰਾਮਲੀਲ੍ਹਾ ਮੈਦਾਨ 'ਚ ਦਾਖਲ ਨਹੀਂ ਹੋਣ ਦਿੱਤਾ ਗਿਆ। ਕਿਸਾਨਾਂ ਨੂੰ ਰੇਲਵੇ ਸਟੇਸ਼ਨਾਂ 'ਤੇ ਠਹਿਰਨ 'ਚ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਕਿਸਾਨਾਂ ਦੇ ਕਾਫਲੇ ਸਾਰੀ ਰਾਤ ਸੜਕਾਂ 'ਤੇ ਰਹੇ। ਧਨੇਰ ਨੇ ਕਿਹਾ ਕਿ ਭਾਜਪਾ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਸੰਯੁਕਤ ਕਿਸਾਨ ਮੋਰਚੇ ਦੇ ਸਮੁੱਚੇ ਆਗੂਆਂ 'ਚ ਕੇਂਦਰ ਸਰਕਾਰ ਪ੍ਰਤੀ ਸਖਤ ਰੋਸ ਹੈ।

ਪੰਜਾਬ 'ਚ ਆਪ ਦੇ 8 ਉਮੀਦਵਾਰਾਂ 'ਚ ਪੰਜ ਮੰਤਰੀ

ਚੰਡੀਗੜ੍ਹ (ਗੁਰਜੀਤ ਬਿੱਲਾ)-ਆਮ ਆਦਮੀ ਪਾਰਟੀ ਨੇ ਵੀਰਵਾਰ ਲੋਕ ਸਭਾ ਚੋਣਾਂ ਲਈ ਪੰਜਾਬ ਦੀਆਂ 8 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ। ਇਨ੍ਹਾਂ ਵਿਚ ਪੰਜ ਕੈਬਿਨਟ ਮੰਤਰੀ ਹਨ। ਅੰਮ੍ਰਿਤਸਰ ਤੋਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਖਡੂਰ ਸਾਹਿਬ ਤੋਂ ਮੰਤਰੀ ਲਾਲਜੀਤ ਸਿੰਘ ਭੁੱਲਰ, ਜਲੰਧਰ ਤੋਂ ਸੁਸ਼ੀਲ ਕੁਮਾਰ ਰਿੰਕੂ, ਫਤਿਹਗੜ੍ਹ ਸਾਹਿਬ ਤੋਂ ਗੁਰਪ੍ਰੀਤ ਸਿੰਘ ਜੀਪੀ, ਫਰੀਦਕੋਟ (ਰਿਜ਼ਰਵ) ਤੋਂ ਕਲਾਕਾਰ ਕਰਮਜੀਤ ਅਨਮੋਲ, ਬਠਿੰਡਾ ਤੋਂ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਸੰਗਰੂਰ ਤੋਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਪਟਿਆਲਾ ਤੋਂ ਮੰਤਰੀ ਡਾ. ਬਲਬੀਰ ਸਿੰਘ ਨੂੰ ਚੋਣ ਮੈਦਾਨ 'ਚ ਉਤਾਰਿਆ ਗਿਆ ਹੈ।

ਇੱਕ ਦੇਸ਼-ਇੱਕ ਚੋਣ ਦੀ ਸਿਫਾਰਸ਼ ਕਰਦੀ ਰਿਪੋਰਟ ਪੇਸ਼

ਨਵੀਂ ਦਿੱਲੀ : ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਅਗਵਾਈ ਵਾਲੀ ਕਮੇਟੀ ਨੇ 'ਇਕ ਦੇਸ਼, ਇਕ ਚੋਣ' ਬਾਰੇ ਆਪਣੀ 18,626 ਪੰਨਿਆਂ ਦੀ ਰਿਪੋਰਟ ਵੀਰਵਾਰ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਸੌਂਪ ਦਿੱਤੀ। ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਪਹਿਲੇ ਪੜਾਅ 'ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਨਾਲੋ-ਨਾਲ ਕਰਵਾਈਆਂ ਜਾ ਸਕਦੀਆਂ ਹਨ। ਇਸ ਤੋਂ ਬਾਅਦ ਦੂਜੇ ਪੜਾਅ 'ਚ 100 ਦਿਨਾਂ ਦੇ ਅੰਦਰ ਸਥਾਨਕ ਸਰਕਾਰਾਂ ਦੀਆਂ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਇਹ ਵੀ ਕਿਹਾ ਗਿਆ ਹੈ ਕਿ ਚੋਣਾਂ 'ਚ ਕਿਸੇ ਪਾਰਟੀ ਨੂੰ ਬਹੁਮਤ ਨਾ ਮਿਲਣ ਤੇ ਬੇਭਰੋਸਗੀ ਮਤੇ ਦੀ ਸਥਿਤੀ 'ਚ ਬਾਕੀ ਬਚੇ ਪੰਜ ਸਾਲਾਂ ਦੇ ਕਾਰਜਕਾਲ ਲਈ ਨਵੀਂਆਂ ਚੋਣਾਂ ਕਰਵਾਈਆਂ ਜਾ ਸਕਦੀਆਂ ਹਨ। ਇਹ ਰਿਪੋਰਟ ਸੰਬੰਧਤ ਧਿਰਾਂ, ਮਾਹਰਾਂ ਨਾਲ ਵਿਆਪਕ ਸਲਾਹ-ਮਸ਼ਵਰੇ ਅਤੇ 191 ਦਿਨਾਂ ਦੀ ਖੋਜ ਤੋਂ ਬਾਅਦ ਤਿਆਰ ਕੀਤੀ ਗਈ ਹੈ। ਕਮੇਟੀ 2 ਸਤੰਬਰ 2023 ਨੂੰ ਬਣਾਈ ਗਈ ਸੀ।

ਧਰਮਸੋਤ ਫੈਮਿਲੀ ਦੀਆਂ 4.58 ਕਰੋੜ ਦੀਆਂ ਜਾਇਦਾਦਾਂ ਕੁਰਕ

ਨਵੀਂ ਦਿੱਲੀ : ਈ ਡੀ ਨੇ ਮਨੀ ਲਾਂਡਰਿੰਗ ਵਿਰੋਧੀ ਕਾਨੂੰਨ ਦੀਆਂ ਧਾਰਾਵਾਂ ਤਹਿਤ ਪੰਜਾਬ ਕਾਂਗਰਸ ਦੇ ਆਗੂ ਅਤੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਉਨ੍ਹਾ ਦੇ ਪੁੱਤਰਾਂ ਦੀਆਂ 4.58 ਕਰੋੜ ਰੁਪਏ ਦੀਆਂ ਜਾਇਦਾਦਾਂ ਅਸਥਾਈ ਤੌਰ 'ਤੇ ਕੁਰਕ ਕਰ ਦਿੱਤੀਆਂ ਹਨ। ਈ ਡੀ ਨੇ ਜਾਂਚ 'ਚ ਪਾਇਆ ਕਿ ਧਰਮਸੋਤ ਨੇ 1 ਮਾਰਚ 2016 ਤੋਂ 31 ਮਾਰਚ 2022 ਤੱਕ, ਜਿਸ 'ਚ ਜੰਗਲਾਤ ਮੰਤਰੀ ਵਜੋਂ ਕਾਰਜਕਾਲ ਵੀ ਸ਼ਾਮਲ ਹੈ, ਨੇ ਆਮਦਨ ਦੇ ਸਰੋਤ ਤੋਂ ਵੱਧ ਜਾਇਦਾਦਾਂ ਬਣਾਈਆਂ ਹਨ।

'ਇੰਡੀਆ' ਕਿਸਾਨਾਂ ਦੀ ਆਵਾਜ਼ ਬਣੇਗਾ : ਰਾਹੁਲ

ਨਾਸਿਕ : ਰਾਹੁਲ ਗਾਂਧੀ ਨੇ ਵੀਰਵਾਰ ਕਿਹਾ ਕਿ ਜੇ ਵਿਰੋਧੀ ਪਾਰਟੀਆਂ ਦਾ ਗਠਜੋੜ ਇੰਡੀਆ ਸੱਤਾ 'ਚ ਆਉਂਦਾ ਹੈ ਤਾਂ ਇਹ 'ਕਿਸਾਨਾਂ ਦੀ ਆਵਾਜ਼' ਬਣੇਗਾ ਅਤੇ ਉਨ੍ਹਾਂ ਦੀ ਸੁਰੱਖਿਆ ਕਰਨ ਵਾਲੀਆਂ ਨੀਤੀਆਂ ਬਣਾਏਗਾ।

ਉਹ ਕਾਂਗਰਸ ਦੀ 'ਭਾਰਤ ਜੋੜੋ ਨਿਆਏ ਯਾਤਰਾ' ਤਹਿਤ ਐੱਨ ਸੀ ਪੀ (ਐੱਸ ਪੀ) ਦੇ ਮੁਖੀ ਸ਼ਰਦ ਪਵਾਰ ਅਤੇ ਸ਼ਿਵ ਸੈਨਾ (ਯੂ ਬੀ ਟੀ) ਦੇ ਸੰਸਦ ਮੈਂਬਰ ਸੰਜੇ ਰਾਊਤ ਦੇ ਨਾਲ ਮਹਾਰਾਸ਼ਟਰ ਦੇ ਨਾਸਿਕ ਜ਼ਿਲ੍ਹੇ ਦੇ ਚੰਦਵਾੜ 'ਚ ਕਿਸਾਨ ਰੈਲੀ ਨੂੰ ਸੰਬੋਧਨ ਕਰ ਰਹੇ ਸਨ।

ਪ੍ਰਨੀਤ ਕੌਰ ਭਾਜਪਾ 'ਚ

ਨਵੀਂ ਦਿੱਲੀ : ਪਟਿਆਲਾ ਲੋਕ ਸਭਾ ਹਲਕੇ ਤੋਂ ਕਾਂਗਰਸ ਦੀ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਵੀਰਵਾਰ ਭਾਜਪਾ ਦਾ ਪੱਲਾ ਫੜ ਲਿਆ। ਭਾਜਪਾ ਦੇ ਦਿੱਲੀ ਸਥਿਤ ਮੁੱਖ ਦਫਤਰ ਵਿਖੇ ਭਾਜਪਾ 'ਚ ਸ਼ਾਮਲ ਹੋਣ ਵਾਲੀ 79 ਸਾਲਾ ਪ੍ਰਨੀਤ ਕੌਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਇੱਕੋ-ਇੱਕ ਨੇਤਾ ਹਨ ਅਤੇ ਭਾਜਪਾ ਹੀ ਇੱਕ ਅਜਿਹੀ ਪਾਰਟੀ ਹੈ, ਜੋ ਭਾਰਤ ਅਤੇ ਇਸ ਦੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰ ਸਕਦੀ ਹੈ।

6 ਗ੍ਰਿਫ਼ਤਾਰ, ਲੁੱਟੇ 20 ਲੱਖ ਬਰਾਮਦ

ਪਟਿਆਲਾ : ਦੋ ਕੁ ਹਫਤੇ ਪਹਿਲਾਂ ਇਥੇ ਮਨੀ ਐਕਸਚੇਂਜਰ ਜਸਦੀਪ ਸਿੰਘ 'ਤੇ ਹਮਲਾ ਕਰਕੇ 20 ਲੱਖ ਰੁਪਏ ਲੁੱਟਣ ਦੇ ਮਾਮਲੇ 'ਚ ਪੁਲਸ ਨੇ ਸਾਰੇ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 20 ਲੱਖ ਰੁਪਏ ਬਰਾਮਦ ਕਰ ਲਏ ਹਨ। ਐੱਸ ਐੱਸ ਪੀ ਵਰੁਣ ਸ਼ਰਮਾ ਨੇ ਵੀਰਵਾਰ ਦੱਸਿਆ ਕਿ ਕਾਬੂ ਕੀਤੇ ਮੁਲਜ਼ਮਾਂ 'ਚ ਚਮਕੌਰ ਸਿੰਘ ਨਨੂੰ ਵਾਸੀ ਭਾਦਸੋਂ, ਸੁਪਿੰਦਰ ਸਿੰਘ ਸਿੱਪੀ, ਸ਼ਮਸ਼ਾਦ ਉਰਫ ਅਤੁਲ, ਅੰਕਿਤ ਗੁਗਲੀ, ਤਰੁਣ ਚੌਹਾਨ ਤੇ ਅਮਿਤ ਕੁਮਾਰ ਵਾਸੀ ਪਟਿਆਲਾ ਸ਼ਾਮਲ ਹਨ।

ਮੇਘਾਲਿਆ ਦੇ ਅੱਤਵਾਦੀਆਂ ਤੋਂ ਹਥਿਆਰ ਫੜੇ

ਸ਼ਿਲਾਂਗ : ਮੇਘਾਲਿਆ ਦੇ ਗੀ-ਭੋਈ ਜ਼ਿਲ੍ਹੇ 'ਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਐੱਚ ਐੱਨ ਐੱਲ ਸੀ ਦੇ ਹਥਿਆਰ ਅਤੇ ਗੋਲਾ-ਬਾਰੂਦ ਜ਼ਬਤ ਕੀਤੇ ਗਏ ਹਨ। ਸੰਗਠਨ ਨਾਲ ਸੰਬੰਧਤ ਚਾਰ ਵਿਅਕਤੀਆਂ ਵੱਲੋਂ ਦਿੱਤੀ ਸੂਹ ਦੇ ਆਧਾਰ 'ਤੇ ਪੁਲਸ ਨੇ ਇਹ ਜ਼ਬਤੀ ਕੀਤੀ। ਇਨ੍ਹਾਂ ਚਾਰਾਂ ਨੂੰ ਸ਼ਿਲਾਂਗ ਦੇ ਪੰਜਾਬੀ ਲੇਨ ਇਲਾਕੇ 'ਚ ਆਈ ਈ ਡੀ ਧਮਾਕਾ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਸੀ। ਧਮਾਕੇ 'ਚ ਇਕ ਵਿਅਕਤੀ ਜ਼ਖਮੀ ਹੋ ਗਿਆ ਸੀ।

ਮੰਡ ਸਪੋਰਟਸ ਕਲੱਬ ਦਾ ਨੀਂਹ ਪੱਥਰ

ਜਲੰਧਰ : ਮੰਡ ਸਪੋਰਟਸ ਕਲੱਬ ਦਾ ਨੀਂਹ ਪੱਥਰ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਰੱਖਿਆ। ਉਨ੍ਹਾ ਨਾਲ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ, ਐਡਵੋਕੇਟ ਰਜਿੰਦਰ ਸਿੰਘ ਮੰਡ, ਸੁਖਜਿੰਦਰ ਸਿੰਘ ਮੰਡ, ਸੰਤੋਖ ਸਿੰਘ ਨੰਬਰਦਾਰ ਤੇ ਹੋਰ ਪਤਵੰਤੇ ਨਜ਼ਰ ਆ ਰਹੇ ਹਨ। (ਤਸਵੀਰ ਤੇ ਵੇਰਵਾ: ਰਾਜੇਸ਼ ਥਾਪਾ)

ਬੀਬੀ ਜਗੀਰ ਕੌਰ ਦੀ ਵਾਪਸੀ ਕਰਾਉਣ ਲਈ ਵੱਡੇ ਆਗੂ ਪਹੁੰਚੇ

ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ 'ਚ ਸਾਬਕਾ ਐੱਸ ਜੀ ਪੀ ਸੀ ਪ੍ਰਧਾਨ ਬੀਬੀ ਜਗੀਰ ਕੌਰ ਵੀਰਵਾਰ ਮੁੜ ਅਕਾਲੀ ਦਲ 'ਚ ਸ਼ਾਮਲ ਹੋ ਗਈ। ਦਲ 'ਚ ਸ਼ਮੂਲੀਅਤ ਮਗਰੋਂ ਉਨ੍ਹਾ ਕਿਹਾ—ਮੈਂ ਅਕਾਲੀ ਸੀ, ਅਕਾਲੀ ਹਾਂ ਤੇ ਅਕਾਲੀ ਰਹਾਂਗੀ। ਬੀਬੀ ਜਗੀਰ ਕੌਰ ਨੂੰ 15 ਮਹੀਨੇ ਪਹਿਲਾਂ ਪਾਰਟੀ ਵਿਰੋਧੀ ਕਾਰਵਾਈਆਂ ਦਾ ਦੋਸ਼ ਲਗਾ ਕੇ ਦਲ 'ਚੋਂ ਬਾਹਰ ਕਰ ਦਿੱਤਾ ਗਿਆ ਸੀ। ਸੁਖਬੀਰ ਸਿੰਘ ਬਾਦਲ, ਦਲਜੀਤ ਸਿੰਘ ਚੀਮਾ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸ਼ਰਨਜੀਤ ਸਿੰਘ ਢਿੱਲੋਂ, ਸੁਰਜੀਤ ਸਿੰਘ ਰੱਖੜਾ ਤੇ ਹੋਰ ਸੀਨੀਅਰ ਆਗੂ ਬੀਬੀ ਜਗੀਰ ਕੌਰ ਨੂੰ ਪਾਰਟੀ ਵਿਚ ਸ਼ਾਮਲ ਕਰਾਉਣ ਲਈ ਬੇਗੋਵਾਲ ਪੁੱਜੇ।

ਸਾਬਕਾ ਅਕਾਲੀ ਮੰਤਰੀ ਜਗੀਰ ਕੌਰ ਸਾਲ 1999, 2004 ਅਤੇ 2020 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਰਹੀ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਪਾਰਟੀ ਦੇ ਸਾਰੇ ਵਰਕਰ ਇਕੱਠੇ ਹੋ ਰਹੇ ਹਨ, ਜਿਸ ਦੀ ਇਹ ਕੜੀ ਹੈ।

ਪਾਰਟੀ ਦੀ ਮਜ਼ਬੂਤੀ ਲਈ ਬੀਬੀ ਜਗੀਰ ਕੌਰ ਵੀ ਪਾਰਟੀ ਦੇ ਨਾਲ ਹਨ। ਬਾਦਲ ਨੇ ਭਾਜਪਾ ਨਾਲ ਗਠਜੋੜ ਨੂੰ ਲੈ ਕੇ ਕੁਝ ਵੀ ਸਪੱਸ਼ਟ ਨਹੀਂ ਕੀਤਾ ਅਤੇ ਕਿਹਾ ਕਿ ਪੰਜਾਬ ਦੇ ਹਿੱ

ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਇਕਰੋਜ਼ਾ ਸਤਿਸੰਗ ਪ੍ਰੋਗਰਾਮ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪਿੰਡ ਬੇਟੂ ਕਦੀਮ ਫ਼ਿਰੋਜ਼ਪੁਰ ਵਿੱਚ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਇਕਰੋਜ਼ਾ ਸਤਿਸੰਗ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਆਸ਼ੂਤੋਸ਼ ਮਹਾਰਾਜ ਜੀ ਦੇ ਸਿਸ਼ਿਆ ਸਾਧਵੀ ਸੰਦੀਪ ਭਾਰਤੀ ਨੇ ਆਪਣੇ ਵਿਚਾਰਾਂ ਰਾਹੀਂ ਵਿਆਖਿਆ ਕਰਦੇ ਹੋਏ ਕਿਹਾ ਕਿ ਭਾਵ ਅੰਜਲੀ ਨੂੰ ਪ੍ਰਭੂ ਚਰਨਾਂ ਵਿੱਚ ਅਰਪਣ ਕਰਨਾ ਹੀ ਭਾਵਾ ਦਾ ਅਰਥ ਹੈ।ਇਹ ਪਿਆਰ ਭਾਵਨਾਵਾਂ ਦਾ ਮਹਾਨ ਦਾਨ ਹੈ ਜੋ ਪ੍ਰਭੂ ਨੂੰ ਲੁਭਾਉਣ ਵਿੱਚ ਪੂਰੀ ਤਰ੍ਹਾਂ ਸਾਰਥਕ ਸਿੱਧ ਹੁੰਦਾ ਹੈ।ਵਿਡੰਬਨਾ ਇਹ ਹੈ ਕਿ ਰੱਬ ਤੋਂ ਬਿਨਾਂ ਮਨੁੱਖੀ ਜੀਵਨ ਇੱਕ ਮਾਰੂਥਲ ਹੈ, ਜਿੱਥੇ ਭਾਵਨਾਵਾਂ ਦੀ ਧਾਰਾ ਦਾ ਵਾਹਨ ਸੰਸਾਰ ਵੱਲ ਵਧ ਰਿਹਾ ਹੈ, ਪਰ ਸਾਡੀਆਂ ਇਨ੍ਹਾਂ ਭਾਵਨਾਵਾਂ ਨੂੰ ਪ੍ਰਮਾਤਮਾ ਨਾਲ ਜੋੜਨ ਲਈ ਸਾਨੂੰ ਭਗਤੀ ਨਾਲ ਜੁੜਨਾ ਪਵੇਗਾ।ਸਿਰਫ਼ ਇੱਕ ਪੂਰਨ ਸਤਿਗੁਰੂ ਹੀ ਮਨੁੱਖ ਦੇ ਅੰਦਰ ਬ੍ਰਹਮ ਗਿਆਨ ਦੁਆਰਾ ਪ੍ਰਮਾਤਮਾ ਪ੍ਰਤੀ ਸ਼ਰਧਾ ਪ੍ਰਗਟ ਕਰ ਸਕਦਾ ਹੈ।ਸਾਧਵੀ ਜੀ ਨੇ ਦੱਸਿਆ ਕਿ ਇਸ ਸੰਸਾਰ ਨੂੰ ਸੁੰਦਰ ਤੇ ਸਿਹਤਮੰਦ ਬਣਾਉਣ ਲਈ ਸਾਨੂੰ ਆਪਣੇ ਪੁਰਾਤਨ ਸੱਭਿਆਚਾਰ ਨਾਲ ਜੁੜਨਾ ਪਵੇਗਾ।ਉਨ੍ਹਾਂ ਕਿਹਾ ਕਿ ਇੱਕ ਸੰਸਕ੍ਰਿਤ ਸਮਾਜ ਲਈ ਜ਼ਰੂਰੀ ਹੈ ਕਿ ਮਨੁੱਖ ਆਪਣੇ ਜੀਵਨ ਵਿੱਚ ਚੰਗੇ ਸੰਸਕਾਰਾਂ ਅਤੇ ਚੰਗੀ ਸੰਸਕ੍ਰਿਤੀ ਲਿਆਵੇ, ਜੇਕਰ ਮਨੁੱਖ ਆਪਣੇ ਤਣਾਅ ਨੂੰ ਦੂਰ ਕਰਨਾ ਚਾਹੁੰਦਾ ਹੈ, ਤਾਂ ਉਸਨੂੰ ਅਧਿਆਤਮਿਕਤਾ ਨਾਲ ਜੁੜਨਾ ਪਏਗਾ, ਜੋ ਉਸਦੇ ਜੀਵਨ ਦਾ ਅਧਾਰ ਹੈ ਅਤੇ ਅੰਤ ਵਿੱਚ ਸਾਧਵੀ ਦਵਿੰਦਰ ਭਾਰਤੀ ਜੀ ਦੁਆਰਾ ਸੁੰਦਰ ਭਜਨ ਗਾਏ ਗਏ।

ਇਲਾਕੇ 'ਚ ਚੋਰੀ ਦੀਆਂ ਵਾਰਦਾਤਾਂ ਕਾਰਨ ਲੋਕਾਂ 'ਚ ਸਹਿਮ

ਮਾਛੀਵਾੜਾ ਸਾਹਿਬ (ਸ਼ੇਕੀ ਸ਼ਰਮਾ, ਜਗਦੀਸ਼ ਰਾਏ)-ਪਿਛਲੇ ਦਿਨੀਂ ਜੇ. ਐੱਸ. ਨਗਰ ਵਿੱਚ ਸਥਿਤ ਇੱਕ ਪ੍ਰਾਈਵੇਟ ਸਕੂਲ ਵਿੱਚ ਚੋਰੀ ਦੀ ਵਾਰਦਾਤ ਤੋਂ ਬਾਅਦ ਅੱਜ ਮੁੜ ਦੂਜੇ ਦਿਨ ਮਾਛੀਵਾੜਾ ਇਲਾਕੇ ਵਿੱਚ ਤਿੰਨ ਥਾਵਾਂ 'ਤੇ ਚੋਰੀ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਵਾਪਰੀਆਂ। ਮਾਛੀਵਾੜਾ ਦੇ ਖਾਲਸਾ ਚੌਕ ਨੇੜੇ ਹੀਰਾ ਲਾਲ ਰੇਡੀਮੇਡ ਕੱਪੜਿਆਂ ਦੀ ਦੁਕਾਨ 'ਚੋਂ ਚੋਰਾਂ ਨੇ ਸ਼ਟਰ ਤੋੜ ਕੇ ਗੱਲ੍ਹੇ ਵਿੱਚ ਪਏ 14 ਹਜ਼ਾਰ ਰੁਪਏ ਨਕਦੀ ਤੇ 5 ਸੂਟ ਚੋਰੀ ਕਰ ਲਏ। ਇਸ ਦੁਕਾਨ ਦੇ ਬਿਲਕੁਲ ਸਾਹਮਣੇ ਹੀ ਇੱਕ ਮੈਡੀਕਲ ਸਟੋਰ ਹੈ, ਜਿਸ ਦਾ ਸ਼ਟਰ ਤੋੜ ਕੇ ਸੀਸੀਟੀਵੀ ਕੈਮਰਿਆਂ ਦਾ ਡੀਵੀਆਰ ਚੋਰੀ ਕਰਕੇ ਲੈ ਗਏ। ਸਥਾਨਕ ਰਾਹੋਂ ਰੋਡ 'ਤੇ ਸਥਿਤ ਪਿੰਡ ਝੜੌਦੀ ਵਿਖੇ ਵੀ ਚੋਰਾਂ ਨੇ ਇੱਕ ਕੈਫ਼ੇ ਨੂੰ ਨਿਸ਼ਾਨਾ ਬਣਾਇਆ ਤੇ ਦੁਕਾਨਦਾਰਾਂ ਅਨੁਸਾਰ ਉਸ ਦੇ ਗੱਲ੍ਹੇ ਵਿੱਚ ਪਈ ਕਰੀਬ 15 ਹਜ਼ਾਰ ਰੁਪਏ ਤੋਂ ਵੱਧ ਨਕਦੀ ਉਡਾ ਕੇ ਲੈ ਗਏ। ਬੇਸ਼ੱਕ ਚੋਰੀ ਦੀਆਂ ਇਹ ਛੋਟੀਆਂ-ਛੋਟੀਆਂ ਘਟਨਾਵਾਂ ਹਨ, ਪਰ 2 ਦਿਨਾਂ 'ਚ ਚਾਰ ਵਾਰਦਾਤਾਂ ਕਾਰਨ ਲੋਕਾਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ।

ਭਾਜਪਾ ਵੱਲੋਂ ਵੱਖ-ਵੱਖ ਅਹੁਦੇਦਾਰ ਨਿਯੁਕਤ

ਬਰੇਟਾ (ਰੀਤਵਾਲ)-ਭਾਜਪਾ ਮੰਡਲ ਬਰੇਟਾ ਵੱਲੋਂ ਵੱਖ ਵੱਖ ਅਹੁਦੇਦਾਰ ਨਿਯੁਕਤ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਦੱਸਿਆ ਕਿ ਜਗਸੀਰ ਸ਼ਰਮਾ ਮੰਡੇਰ ਨੂੰ ਜ਼ਿਲ੍ਹਾ ਪੰਚਾਇਤ ਸੈੱਲ ਦਾ ਉੱਪ ਪ੍ਰਧਾਨ, ਜਸਵੀਰ ਸਿੰਘ ਜੱਸੀ ਨੂੰ ਮੰਡਲ ਦੇ ਓ ਬੀ ਸੀ ਮੋਰਚੇ ਦਾ ਮੀਤ ਪ੍ਰਧਾਨ, ਰੂਲਦੂ ਸਿੰਘ ਨੂੰ ਸਕੱਤਰ, ਬਲਜਿੰਦਰ ਸਿੰਘ ਨੂੰ ਟਰਾਂਸਪੋਰਟ ਸੈੱਲ ਦਾ ਸੈਕਟਰੀ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮਹਿਲਾ ਮੋਰਚੇ ਵਿੱਚ ਗੀਤਾ ਰਾਣੀ ਤੇ ਸਰਬਜੀਤ ਕੌਰ ਨੂੰ ਜਨਰਲ ਸਕੱਤਰ ਤੇ ਗਗਨਦੀਪ ਕੌਰ ਅਤੇ ਜਸਵੀਰ ਕੌਰ ਨੂੰ ਵਾਇਸ ਪ੍ਰਧਾਨ, ਵੀਰਪਾਲ ਕੌਰ ਨੂੰ ਸਕੱਤਰ ਤੇ ਪਰਮਜੀਤ ਕੌਰ ਨੂੰ ਖਜ਼ਾਨਚੀ ਨਿਯੁਕਤ ਕੀਤਾ ਗਿਆ ਹੈ। ਪ੍ਰਧਾਨ ਗਗਨਦੀਪ ਸ਼ਰਮਾ ਨੇ ਸਾਰੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਪਾਰਟੀ ਲਈ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਉੱਪ ਪ੍ਰਧਾਨ ਸੂਰਜ ਪ੍ਰਕਾਸ਼, ਰਿਸ਼ੂ ਜਿੰਦਲ, ਹਰੀਸ਼ ਕੁਮਾਰ, ਪੁਨੀਤ ਮਿੱਤਲ, ਓਮ ਪ੍ਰਕਾਸ਼, ਸੂਰਜ ਭਾਨ ਤੇ ਨਰਿੰਦਰ ਕੁਮਾਰ ਹਾਜ਼ਰ ਸਨ।

ਸੱਤ ਰੋਜ਼ਾ ਕਿੱਤਾ ਮੁਖੀ ਵਰਕਸ਼ਾਪ 'ਚ ਐਕਸਟੈਂਸ਼ਨ ਲੈਕਚਰ ਕਰਵਾਇਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਰਕਾਰੀ ਕਿਰਤੀ ਕਾਲਜ ਨਿਆਲ-ਪਾਤੜਾਂ ਵਿਖੇ ਡਾਇਰੈਕਟਰ ਉਚੇਰੀ ਸਿੱਖਿਆ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰਿੰਸੀਪਲ ਪ੍ਰੋਫ਼ੈਸਰ ਅਮਰਜੀਤ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਕਰੀਅਰ ਗਾਈਡੈਂਸ ਐਂਡ ਕਾਉਂਸਲਿੰਗ ਸੈੱਲ ਦੇ ਸਹਿਯੋਗ ਨਾਲ ਸੱਤ ਰੋਜ਼ਾ ਕੰਪਿਊਟਰ ਸਾਇੰਸ ਸਕਿੱਲ ਵਰਕਸ਼ਾਪ ਦੇ ਪਹਿਲੇ ਦਿਨ ਵਿਦਿਆਰਥੀਆਂ ਲਈ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪ੍ਰੋ. ਜਤਿੰਦਰ ਸਿੰਘ ਕੰਪਿਊਟਰ ਵਿਭਾਗ ਨੇ ਆਏ ਹੋਏ ਰਿਸੋਰਸ ਪਰਸਨ ਨੂੰ ਜੀ ਆਇਆਂ ਆਖਿਆ।ਇਸ ਲੈਕਚਰ ਵਿੱਚ ਸਰਕਾਰੀ ਕਾਲਜ ਰੋਪੜ ਦੇ ਕੰਪਿਊਟਰ ਸਾਇੰਸ ਵਿਸ਼ੇ ਦੇ ਅਸਿਸਟੈਂਟ ਪ੍ਰੋਫ਼ੈਸਰ ਡਾ. ਅਨੂੰ ਰਾਣੀ ਨੇ ਰਿਸੋਰਸ ਪਰਸਨ ਦੇ ਤੌਰ 'ਤੇ ਸ਼ਿਰਕਤ ਕੀਤੀ।ਸਮਾਗਮ ਦੌਰਾਨ ਪ੍ਰਸ਼ਨ-ਉੱਤਰ ਸੈਸ਼ਨ ਵੀ ਰੱਖਿਆ ਗਿਆ, ਜਿਸ ਵਿੱਚ ਰਿਸੋਰਸ ਪਰਸਨ ਦੁਆਰਾ ਵੱਖ-ਵੱਖ ਪਹਿਲੂਆਂ ਦੇ ਸੰਤੋਖਜਨਕ ਉੱਤਰ ਦਿੱਤੇ ਗਏ।ਕੰਪਿਊਟਰ ਸਾਇੰਸ ਵਿਭਾਗ ਵੱਲੋਂ ਆਏ ਰਿਸੋਰਸ ਪਰਸਨ ਦਾ ਯਾਦਗਾਰੀ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ।ਪ੍ਰੋਗਰਾਮ ਦੇ ਅੰਤ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਦੇ ਪ੍ਰੋ. ਮਨੋਜ ਕੁਮਾਰ ਨੇ ਸਾਰਿਆ ਦਾ ਰਸਮੀ ਧੰਨਵਾਦ ਕਰਦਿਆਂ ਅੱਗੇ ਤੋਂ ਅਜਿਹੇ ਐਕਸਟੈਂਸ਼ਨ ਲੈਕਚਰ ਕਰਵਾਉਣ ਦਾ ਵਿਦਿਆਰਥੀਆਂ ਨੂੰ ਭਰੋਸਾ ਦਿਵਾਇਆ।ਇਸ ਮੌਕੇ ਪ੍ਰੋ. ਨੇਹਾ ਬਾਂਸਲ, ਪ੍ਰੋ. ਮੀਨੂੰ ਗੋਜ਼, ਪ੍ਰੋ. ਰਮਨਦੀਪ ਕੌਰ, ਪ੍ਰੋ. ਹਰਮੀਤ ਸਿੰਘ, ਪ੍ਰੋ. ਜਗਦੀਸ਼ ਸਿੰਘ, ਹਰਪ੍ਰੀਤ ਸਿੰਘ ਦਫ਼ਤਰ ਇੰਚਾਰਜ, ਮਿਸ ਸੁਖਦੀਪ ਕੌਰ, ਮਿਸ ਸੀਮਾ ਰਾਣੀ ਤੇ ਕੰਪਿਊਟਰ ਸਾਇੰਸ ਵਿਸ਼ੇ ਦੇ ਸਮੂਹ ਵਿਦਿਆਰਥੀ ਹਾਜ਼ਰ ਸਨ।

ਡਾ. ਹਰਜੋਤ ਕਮਲ ਦੀ ਹਾਜ਼ਰੀ 'ਚ ਸੰਧੂਆਂਵਾਲਾ ਦੇ ਅਨੇਕਾਂ ਵਾਸੀ ਭਾਜਪਾ 'ਚ ਸ਼ਾਮਲ

ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਦੇ ਪਿੰਡ ਸੰਧੂਆਂਵਾਲਾ ਵਿਖੇ ਭਾਰੀ ਗਿਣਤੀ ਵਿੱਚ ਪਿੰਡ ਵਾਸੀ ਭਾਜਪਾ ਆਗੂ ਡਾ. ਹਰਜੋਤ ਕਮਲ ਸਿੰਘ ਦੀ ਅਗਵਾਈ ਵਿੱਚ ਭਾਜਪਾ 'ਚ ਸ਼ਾਮਲ ਹੋਏ, ਜਿਨ੍ਹਾਂ ਨੂੰ ਡਾ. ਹਰਜੋਤ ਕਮਲ ਸਿੰਘ ਨੇ ਆਦਰ ਮਾਣ ਸਹਿਤ ਪਾਰਟੀ ਵਿੱਚ ਸ਼ਾਮਲ ਕਰਵਾਇਆ। ਇਸ ਮੌਕੇ ਉਨ੍ਹਾਂ ਨਾਲ ਮੰਡਲ ਪ੍ਰਧਾਨ ਤੇਜਵੀਰ ਸਿੰਘ, ਗੁਰਵਿੰਦਰ ਸਿੰਘ ਮੰਡੀਰਾਂਵਾਲਾ, ਗੁਰਪ੍ਰੀਤ ਸਿੰਘ ਬੁੱਧ ਸਿੰਘ ਵਾਲਾ, ਨੰਬਰਦਾਰ ਦੀਪਾ ਮੱਲੀਆਂਵਾਲਾ ਮੌਜੂਦ ਸਨ। ਡਾ. ਹਰਜੋਤ ਕਮਲ ਸਿੰਘ ਨੇ ਸਾਰੇ ਹੀ ਨਵੇਂ ਸ਼ਾਮਲ ਹੋਏ ਪਿੰਡ ਵਾਸੀਆਂ ਨੂੰ ਭਾਜਪਾ ਦਾ ਸਿਰੋਪਾ ਪਾ ਕੇ ਪਾਰਟੀ ਵਿੱਚ ਸ਼ਾਮਲ ਕੀਤਾ। ਇਸ ਮੌਕੇ ਤੇ ਪਿੰਡ ਵਾਸੀਆਂ ਨੇ ਕਿਹਾ ਕਿ ਡਾ. ਹਰਜੋਤ ਕਮਲ ਸਿੰਘ ਨੇ ਐੱਮ.ਐੱਲ.ਏ. ਹੁੰਦਿਆਂ ਬਿਨਾਂ ਕਿਸੇ ਭੇਦਭਾਵ ਤੋਂ ਸਾਰੇ ਹਲਕੇ ਦਾ ਬਹੁਤ ਵਿਕਾਸ ਕਰਵਾਇਆ ਤੇ ਸਾਡੇ ਪਿੰਡਾਂ ਨੂੰ ਵਧੀਆ ਦਿੱਖ ਪ੍ਰਦਾਨ ਕੀਤੀ ਤੇ ਸਾਡੀਆਂ ਗਲੀਆਂ ਨਾਲੀਆਂ ਦਾ ਸੁਧਾਰ ਕਰਕੇ ਸਾਡੇ ਪਿੰਡਾਂ ਨੂੰ ਸਾਫ਼ ਸੁਥਰਾ ਬਣਾਇਆ। ਇਸ ਮੌਕੇ ਦਰਸ਼ਨ ਸਿੰਘ, ਸੁੱਖਾ ਸਿੰਘ, ਨਛੱਤਰ ਸਿੰਘ, ਸੋਨੂੰ ਸਿੰਘ, ਸੁਖਚੈਨ ਸਿੰਘ, ਰੇਸ਼ਮ ਸਿੰਘ, ਗੋਪੀ ਸਿੰਘ, ਗੁਰਪ੍ਰੀਤ ਸਿੰਘ, ਸੁਰਜੀਤ ਸਿੰਘ, ਪੱਪੂ ਸਿੰਘ, ਕਾਲੂ ਸਿੰਘ ਦੀਸ਼ਾ ਸਿੰਘ, ਗੁਰਪ੍ਰੀਤ ਸਿੰਘ, ਕਰਮਾ ਸਿੰਘ, ਠਾਣਾ ਸਿੰਘ, ਲਵੀ ਸਿੰਘ, ਨਿੱਕਾ ਸਿੰਘ, ਗੁਰਮੇਲ ਸਿੰਘ, ਸ਼ੇਰ ਸਿੰਘ, ਚੰਦੂ ਸਿੰਘ, ਕੁਲਵੰਤ ਸਿੰਘ, ਗੁਰਮੇਲ ਸਿੰਘ, ਕੰਤਾ ਸਿੰਘ, ਜਗਸੀਰ ਸਿੰਘ ਆਦਿ ਪਾਰਟੀ ਵਿੱਚ ਸ਼ਾਮਲ ਹੋਏ।

ਜਗਦੀਪ ਭਾਰਦਵਾਜ ਰੋਟਰੀ ਕਲੱਬ ਸੁਨਾਮ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ

ਸੁਨਾਮ (ਅਸ਼ੋਕ ਕੁਮਾਰ, ਹਾਕਮ ਭੱਟੀ)-ਪਿਛਲੇ 30 ਸਾਲਾਂ ਤੋਂ ਰੋਟਰੀ ਪਰਿਵਾਰ ਰਾਹੀਂ ਸਮਾਜ ਸੇਵਾ ਕਰ ਰਹੇ ਜਗਦੀਪ ਭਾਰਦਵਾਜ ਸਰਬਸੰਮਤੀ ਨਾਲ ਸਾਲ 2025-2026 ਲਈ ਰੋਟਰੀ ਕਲੱਬ ਸੁਨਾਮ ਦੇ ਪ੍ਰਧਾਨ ਚੁਣੇ ਗਏ। ਕੈਬਨਿਟ ਮੰਤਰੀ ਅਮਨ ਅਰੋੜਾ, ਨਿਸ਼ਾਨ ਸਿੰਘ ਦੋਨੀ ਪ੍ਰਧਾਨ ਨਗਰ ਕੌਂਸਲ ਸੁਨਾਮ, ਰੋਟਰੀ ਜ਼ਿਲ੍ਹਾ 3090 ਦੇ ਗਵਰਨਰ ਘਨਸ਼ਿਆਮ ਕਾਂਸਲ, ਜ਼ਿਲ੍ਹਾ ਜਨਰਲ ਸਕੱਤਰ ਦਵਿੰਦਰ ਪਾਲ ਰਿੰਪੀ, ਜ਼ਿਲ੍ਹਾ ਕਾਰਜਕਾਰੀ ਸਕੱਤਰ ਐਡਵੋਕੇਟ ਨਵੀਨ ਗਰਗ, ਡਾ: ਵਿਜੇ ਗਰਗ, ਪ੍ਰਿਤਪਾਲ ਹਾਂਡਾ, ਐੱਮ ਐੱਲ ਅਰੋੜਾ, ਵਨੀਤ ਗਰਗ, ਪ੍ਰਧਾਨ ਆਰਸੀ ਮੇਨ ਅਨਿਲ ਜੁਨੇਜਾ, ਸੁਮਿਤ ਬੰਦਲਿਸ, ਰਾਜੀਵ ਸਿੰਗਲਾ, ਰਾਜੇਸ਼ ਕੁਮਾਰ, ਸ੍ਰੀ ਗੋਪਾਲ ਗੁਪਤਾ, ਪੁਨੀਤ ਮਿੱਤਲ ਪ੍ਰਧਾਨ ਆਰਸੀ ਗ੍ਰੀਨ, ਭਾਰਤ ਭੂਸ਼ਣ ਪ੍ਰਧਾਨ ਆਰਸ਼ੀ ਸਿਟੀ, ਡਾ: ਸ਼ਿਵ ਜਿੰਦਲ, ਡਾ. ਕ੍ਰਿਸ਼ਨ ਅੱਗਰਵਾਲ ਪ੍ਰਧਾਨ ਆਰਸੀ ਸੰਗਰੂਰ, ਡਾ: ਹਰਦੀਪ ਸਿੰਘ ਬਾਵਾ, ਡਾ: ਰੋਮਿਤ ਗੁਪਤਾ, ਪ੍ਰਮੋਦ ਕੁਮਾਰ ਨੀਟੂ, ਰਾਕੇਸ਼ ਸਿੰਗਲਾ, ਰਾਕੇਸ਼ ਜਿੰਦਲ, ਪ੍ਰਮੋਦ ਕੁਮਾਰ ਹੋਡਲਾ, ਐਡਵੋਕੇਟ ਰਾਜਨ ਹੋਡਲਾ, ਸ੍ਰੀਕ੍ਰਿਸ਼ਨ ਰਾਜੂ, ਕਮਲ ਗਰਗ, ਮੁਕੇਸ਼ ਕਾਂਸਲ, ਡਾ: ਅਮਨਦੀਪ ਸ਼ਾਸਤਰੀ, ਕਮਲਦੀਪ ਚੀਨਾ ਨੇ ਜਗਦੀਪ ਭਾਰਦਵਾਜ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਕਾਰਜਕਾਲ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਵਿਧਾਇਕ ਪਰਾਸ਼ਰ ਨੇ ਜਨਤਕ ਪਖਾਨਿਆਂ ਦੇ ਨਿਰਮਾਣ ਦਾ ਕੀਤਾ ਉਦਘਾਟਨ

ਲੁਧਿਆਣਾ (ਰਾਜ ਸਿੰਗਲਾ)-ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਸ਼ਹਿਰ ਵਾਸੀਆਂ ਦੀ ਵੱਡੀ ਸਹੂਲਤ ਲਈ ਕੇਂਦਰੀ ਹਲਕੇ ਵਿੱਚ ਜਨਤਕ ਪਖਾਨਿਆਂ ਦੀ ਉਸਾਰੀ ਤੇ ਨਵੀਨੀਕਰਨ ਲਈ 91 ਲੱਖ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਦਾ ਉਦਘਾਟਨ ਕੀਤਾ।ਇਸ ਪ੍ਰੋਜੈਕਟ ਤਹਿਤ ਟਰਾਂਸਪੋਰਟ ਨਗਰ ਤੇ ਵਿਹਾਰੀ ਕਲੋਨੀ ਵਿੱਚ ਨਵੇਂ ਪਬਲਿਕ ਟਾਇਲਟ ਸੈੱਟ ਬਣਾਏ ਜਾਣਗੇ। ਸੀ.ਐੱਮ.ਸੀ. ਹਸਪਤਾਲ ਚੌਕ, ਖਵਾਜ਼ਾ ਕੋਠੀ, ਸਿਵਲ ਹਸਪਤਾਲ ਦੇ ਸਾਹਮਣੇ, ਸ਼ਿਵਪੁਰੀ ਮੇਨ ਰੋਡ, ਵੇਟ ਗੰਜ ਤੇ ਜਨਕਪੁਰੀ ਮੇਨ ਬਜ਼ਾਰ ਨੇੜੇ ਜਨਤਕ ਪਖਾਨਿਆਂ ਦੇ ਸੈੱਟਾਂ 'ਤੇ ਮੁਰੰਮਤ ਦਾ ਕੰਮ ਕੀਤਾ ਜਾਵੇਗਾ।ਵਿਧਾਇਕ ਪਰਾਸ਼ਰ ਨੇ ਕਿਹਾ ਕਿ ਇਹ ਪ੍ਰੋਜੈਕਟ ਆਮ ਲੋਕਾਂ ਦੀ ਸਹੂਲਤ ਲਈ ਜ਼ਰੂਰੀ ਹੈ।ਇਸ ਨਾਲ ਖੁੱਲ੍ਹੇ ਵਿੱਚ ਪਿਸ਼ਾਬ ਕਰਨਾ ਵੀ ਬੰਦ ਹੋ ਜਾਵੇਗਾ।ਵਿਧਾਇਕ ਪਰਾਸ਼ਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਸੂਬਾ ਸਰਕਾਰ ਸ਼ਹਿਰ ਵਾਸੀਆਂ ਦੀ ਭਲਾਈ ਲਈ ਕੰਮ ਕਰ ਰਹੀ ਹੈ ਤੇ ਲੋਕਾਂ ਦੀ ਸਹੂਲਤ ਲਈ ਸਾਰੇ ਸੈਕਟਰਾਂ ਨੂੰ ਕਵਰ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ।

ਲੋਕ ਸੰਗਰਾਮ ਮੋਰਚਾ 23 ਨੂੰ ਹੁਸੈਨੀਵਾਲਾ 'ਚ ਸ਼ਹੀਦਾਂ ਨੂੰ ਦੇਵੇਗਾ ਸ਼ਰਧਾਂਜਲੀ

ਮੋਗਾ (ਇਕਬਾਲ ਸਿੰਘ ਖਹਿਰਾ)-ਲੋਕ ਸੰਗਰਾਮ ਮੋਰਚਾ ਦੇ ਪ੍ਰੈੱਸ ਸਕੱਤਰ ਪਰਮਜੀਤ ਸਿੰਘ ਜ਼ੀਰਾ ਤੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਸੂਬਾ ਕਮੇਟੀ ਨੇ ਮੀਟਿੰਗ ਕਰਕੇ ਫੈਸਲਾ ਕੀਤਾ ਕਿ 23 ਮਾਰਚ ਦੇ ਮਹਾਨ ਸ਼ਹੀਦਾਂ (ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ) ਨੂੰ ਹੁਸੈਨੀਵਾਲਾ ਉਨ੍ਹਾਂ ਦੀ ਯਾਦਗਰ ਤੇ ਹਰ ਸਾਲ ਦੀ ਤਰ੍ਹਾਂ ਸ਼ਰਧਾਂਜਲੀ ਅਰਪਨ ਕੀਤੀ ਜਾਵੇਗੀ। ਅੱਜ ਜਦੋਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕਰਨ ਜਾ ਰਹੇ ਹਾਂ ਤਾਂ ਅਖੌਤੀ ਆਜ਼ਾਦੀ ਨੂੰ ਆਇਆਂ ਅੱਠ ਦਹਾਕੇ ਹੋਣ ਤੋਂ ਸਿਰਫ ਤਿੰਨ ਸਾਲ ਬਾਕੀ ਰਹਿੰਦੇ ਹਨ। ਦੇਸ਼ ਦੇ ਅੰਨਦਾਤਾ ਹੱਕੀ ਮੰਗਾਂ ਲਈ ਸੰਘਰਸ਼ ਕਰ ਰਿਹਾ ਹੈ ਤੇ ਬਾਰਡਰਾਂ 'ਤੇ ਸੰਘਰਸ਼ ਜੰਮੇ ਹੋਏ ਹਨ। ਬਾਰਡਰਾਂ 'ਤੇ ਕਈ ਪਰਤੀ ਸੀਮਿੰਟਿਡ ਬੈਰੀਕੇਟਿੰਗ, ਲੋਹੇ ਦੀਆਂ ਕਿੱਲਾਂ ਤੇ ਵੱਡੀ ਗਿਣਤੀ ਵਿੱਚ ਪੁਲਸ ਅਤੇ ਪੈਰਾ ਮਿਲਟਰੀ ਫੋਰਸਾਂ ਤਾਇਨਾਤ ਕੀਤੀਆਂ ਸਨ। 21 ਫਰਵਰੀ ਨੂੰ ਜਦੋਂ ਅੰਨਦਾਤੇ ਦਿੱਲੀ ਕੂਚ ਕਰਨ ਲਈ ਅੱਗੇ ਵਧੇ ਤਾਂ ਬ੍ਰਾਹਮਣੀ ਹਿੰਦੁਤਵ ਫਾਸ਼ੀਵਾਦੀ ਮੋਦੀ ਸਰਕਾਰ ਨੇ ਖਤਰਨਾਕ ਅੱਥਰੂ ਗੈਸ ਦੇ ਗੋਲੇ ਡਰੋਨ ਰਾਹੀਂ ਸੁੱਟੇ ਅਤੇ ਪਾਇਲਟ ਗੰਨਾ,

15-March-PAGE-3.qxd 3/14/2024 11:02 PM Page 1

ਇਸਤਰੀ ਸਭਾ ਦਾ ਜ਼ਿਲ੍ਹਾ ਪੱਧਰੀ ਸਮਾਗਮ 23 ਨੂੰ

ਭਿੱਖੀਵਿੰਡ (ਨਵਾਂ ਜ਼ਮਾਨਾ ਸਰਵਿਸ)

ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ, ਬਲਾਕ ਸਕੱਤਰ ਨਰਿੰਦਰ ਸਿੰਘ ਅਲਗੋਂ, ਮੀਤ ਸਕੱਤਰ ਟਹਿਲ ਸਿੰਘ ਲੱਧੂ ਤੇ ਰਛਪਾਲ ਸਿੰਘ ਬਾਠ, ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ, ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਆਗੂ ਸੁਖਦੇਵ ਸਿੰਘ ਕਾਲਾ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਇਸਤਰੀ ਸਭਾ ਵੱਲੋਂ ਪੰਜਾਬ ਭਰ ਵਿੱਚ ਮਨਾਏ ਜਾ ਰਹੇ ਪੰਦਰਵਾੜੇ ਦੌਰਾਨ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ 23 ਮਾਰਚ ਨੂੰ ਭਿੱਖੀਵਿੰਡ ਬਲਾਕ ਵਿੱਚ ਇਸਤਰੀ ਸਭਾ ਦਾ ਜੋ ਜ਼ਿਲ੍ਹਾ ਪੱਧਰ ਦਾ ਸਮਾਗਮ ਹੋ ਰਿਹਾ ਹੈ ਉਸ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ, ਸਰਬ ਭਾਰਤ ਨੌਜਵਾਨ ਸਭਾ, ਏ ਆਈ ਐਸ ਐਫ ਤੇ ਆਲ ਇੰਡੀਆ ਕਿਸਾਨ ਸਭਾ ਵੀ ਹੁੰਮਹੁਮਾ ਕੇ ਸ਼ਾਮਲ ਹੋਵੇਗੀ। ਇਸ ਸਮਾਗਮ ਦੀ ਮੁੱਖ ਮੰਗ ਹੈ ਕਿ 18 ਦੀ ਉਮਰ ਤੋਂ ਹਰੇਕ ਕੁੜੀ ਨੂੰ ਪਹਿਲ ਦੇ ਆਧਾਰ 'ਤੇ ਸਰਕਾਰੀ ਨੌਕਰੀ ਦਿੱਤੀ ਜਾਵੇ ਭਾਵੇਂ ਉਹ ਪੜ੍ਹੀ ਹੈ ਜਾਂ ਅਨਪੜ੍ਹ। ਉਸ ਨੂੰ ਉਸ ਦੀ ਯੋਗਤਾ ਅਨੁਸਾਰ ਨੌਕਰੀ ਮਿਲੇ। ਇਸ ਦਾ ਮਤਲਬ ਇਹ ਨਹੀਂ ਕਿ ਮੁੰਡਿਆਂ ਨੂੰ ਰੁਜ਼ਗਾਰ ਨਾ ਮਿਲੇ। ਸਾਡੀ ਪੁਰਜ਼ੋਰ ਮੰਗ ਹੈ ਕਿ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇਣ ਵਾਲਾ ਕਾਨੂੰਨ 'ਭਗਤ ਸਿੰਘ ਨੈਸ਼ਨਲ ਇੰਪਲਾਈਮੈਂਟ ਰੁਜ਼ਗਾਰ ਗਰੰਟੀ ਕਾਨੂੰਨ' ਸੰਸਦ ਵਿੱਚ ਪਾਸ ਕੀਤਾ ਜਾਵੇ। ਆਗੂਆਂ ਕਿਹਾ ਕਿ ਹੈਰਾਨੀ ਹੈ ਕਿ ਪਾਰਲੀਮੈਂਟ ਚੋਣਾਂ ਹੋਣ ਜਾ ਰਹੀਆਂ ਹਨ ਤੇ ਕਿਸੇ ਵੀ ਧਿਰ ਜਿਸ ਨੇ ਦੇਸ਼ ਦੀ ਰਾਜਗੱਦੀ ਸੰਭਾਲਣੀ ਹੈ ਆਪਣੇ ਚੋਣ ਮੈਨੀਫੈਸਟੋ ਵਿੱਚ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇਣ ਵਾਲਾ ਕਾਨੂੰਨ ਬਣਾਉਣ ਦਾ ਯਕੀਨ ਨਹੀਂ ਦਿਵਾਇਆ। ਜੇ ਦੇਸ਼ ਵਿੱਚ ਨੌਜਵਾਨ ਕੁੜੀਆਂ ਮੁੰਡਿਆਂ ਨੂੰ ਰੁਜ਼ਗਾਰ ਮਿਲੇਗਾ ਤਾਂ ਹੀ ਜੁਆਨੀ ਵਿਦੇਸ਼ਾਂ ਵਿੱਚ ਜਾਣ ਤੋਂ ਰੁਕੇਗੀ। ਇਸ ਲਈ ਹੋ ਰਹੇ ਸਮਾਗਮ ਦੀ ਮੁੱਖ ਮੰਗ ਹੈ ਕਿ ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇਣ ਵਾਲਾ ਕਾਨੂੰਨ ਬਣਾਇਆ ਜਾਵੇ।

ਕੇਂਦਰੀ ਜੇਲ੍ਹ 'ਚ ਕੈਦੀਆਂ ਦੇ ਦੋ ਧੜੇ ਆਪਸ 'ਚ ਭਿੜੇ, ਚਾਰ ਪੁਲਸ ਮੁਲਾਜ਼ਮ ਜ਼ਖਮੀ

ਗੁਰਦਾਸਪੁਰ, (ਜਨਕ ਮਹਾਜਨ)

ਕੇਂਦਰੀ ਜੇਲ੍ਹ ਗੁਰਦਾਸਪੁਰ ਵਿਖੇ ਕੈਦੀਆਂ ਦੇ ਦੋ ਧੜੇ ਆਪਸ ਵਿਚ ਲੜਨ ਨਾਲ ਹਫੜਾ ਦਫੜੀ ਵਾਲਾ ਮਾਹੌਲ ਬਣ ਗਿਆ। ਕੈਦੀਆਂ ਵਲੋਂ ਇਕ-

ਦੂਜੇ ਦੀ ਜਿੱਥੇ ਕੁੱਟਮਾਰ ਜਿੱਥੇ ਕੀਤੀ ਗਈ ਉਥੇ ਹੀ ਮੌਕੇ 'ਤੇ ਇਨ੍ਹਾਂ ਨੂੰ ਛੁਡਾਉਣ ਲਈ ਪਹੁੰਚੇ ਮੌਜੂਦ ਪੁਲਸ ਮੁਲਾਜ਼ਮ ਵੀ ਇਸ ਦੌਰਾਨ ਜ਼ਖਮੀ ਹੋ ਗਏ। ਕੇਂਦਰੀ ਜੇਲ੍ਹ ਗੁਰਦਾਸਪੁਰ ਵਿਚ ਜੇਲ੍ਹ ਵਿਚ ਮੌਜੂਦ ਕੈਦੀਆਂ ਦਾ ਕਿਸੇ ਗੱਲ ਨੂੰ ਲੈ ਕੇ ਆਪਸ ਵਿਚ ਝਗੜਾ ਹੋ ਗਿਆ। ਕੈਦੀਆਂ ਦੇ ਦੋ ਧੜਿਆਂ ਵਿਚ ਲੜਾਈ ਏਨੀ ਜ਼ਿਆਦਾ ਵਧ ਗਈ ਕਿ ਜ਼ਿਲ੍ਹਾ ਪੁਲਸ ਨੂੰ ਮਜਬੂਰਨ ਹਵਾਈ ਫਾਇਰ ਤੱਕ ਕਰਨੇ ਪਏ। ਇਸ ਦੌਰਾਨ ਜਿੱਥੇ ਕੁਝ ਕੈਦੀ ਜ਼ਖਮੀ ਹੋਏ ਉਥੇ ਹੀ ਇਸ ਤਕਰਾਰਬਾਜ਼ੀ ਨੂੰ ਰੋਕਣ ਪਹੁੰਚੇ ਪੁਲਸ ਮੁਲਾਜ਼ਮਾਂ 'ਤੇ ਵੀ ਕੈਦੀਆਂ ਨੇ ਹਮਲਾ ਕਰ ਦਿੱਤਾ। ਕੈਦੀਆਂ ਵਲੋਂ ਕੀਤੇ ਗਏ ਹਮਲੇ ਵਿਚ ਪੁਲਸ ਮੁਲਾਜ਼ਮਾਂ ਵਿਚ ਜੋਧਾ ਸਿੰਘ ਕਾਂਸਟੇਬਲ ਜੇਲ੍ਹ, ਮਨਦੀਪ ਸਿੰਘ ਐਸ.ਐਚ.ਓ. ਧਾਰੀਵਾਲ, ਏ.ਐਸ.ਆਈ. ਜਗਦੀਪ ਸਿੰਘ, ਹਵਾਲਦਾਰ ਬਲਜਿੰਦਰ ਸਿੰਘ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਦਾਖ਼ਲ ਕਰਵਾਇਆ ਗਿਆ। ਇਸ ਘਟਨਾ ਤੋਂ ਬਾਅਦ ਜ਼ਿਲ੍ਹਾ ਗੁਰਦਾਸਪੁਰ ਦੇ ਐਸ.ਐਸ.ਪੀ., ਬਟਾਲਾ ਤੋਂ ਐਸ.ਐਸ.ਪੀ ਅਤੇ ਪਠਾਨਕੋਟ ਤੋਂ ਐਸ.ਐਸ.ਪੀ. ਤੇ ਹੋਰ ਉਚ ਅਧਿਕਾਰੀ ਭਾਰੀ ਪੁਲਿਸ ਫੋਰਸ ਨਾਲ ਜੇਲ੍ਹ ਅੰਦਰ ਪਹੁੰਚ ਗਏ। ਇਸ ਦੌਰਾਨ ਐਂਬੂਲੈਂਸ ਦੀਆਂ ਗੱਡੀਆਂ ਨੂੰ ਜੇਲ੍ਹ ਅੰਦਰ ਬੁਲਾਇਆ ਗਿਆ ਅਤੇ ਹੋਰ ਕਈ ਪੁਲਸ ਟੁਕੜੀਆਂ ਨੂੰ ਜੇਲ੍ਹ ਦੇ ਹਾਲਾਤ 'ਤੇ ਕਾਬੂ ਪਾਉਣ ਲਈ ਮੰਗਵਾਇਆ ਗਿਆ। ਇਸ ਘਟਨਾ ਬਾਰੇ ਕਿਸੇ ਵੀ ਪੁਲਸ ਅਧਿਕਾਰੀਆਂ ਵਲੋਂ ਕੋਈ ਵੀ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ। ਖ਼ਬਰ ਲਿਖੇ ਜਾਣ ਤੱਕ ਇਸ ਘਟਨਾ ਦੇ ਕਾਰਨਾਂ ਦਾ ਕੋਈ ਸਹੀ ਪਤਾ ਨਹੀਂ ਚੱਲ ਸਕਿਆ।

ਐਲੀਮੈਂਟਰੀ ਟੀਚਰ ਯੂਨੀਅਨ ਵੱਲੋਂ ਦਫਤਰੀ ਕਾਮਿਆਂ ਦੇ ਸੰਘਰਸ਼ ਦੀ ਹਮਾਇਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਐਲੀਮੈਂਟਰੀ ਟੀਚਰ ਯੂਨੀਅਨ ਨੇ ਸਮੱਗਰਾ ਸਿੱਖਿਆ ਅਭਿਆਨ ਤੇ ਮਿਡ ਡੇਅ ਮੀਲ ਦਫਤਰੀ ਕੱਚੇ ਕਰਮਚਾਰੀਆਂ ਵਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪੂਰੇ ਪੰਜਾਬ ਵਿੱਚ 21 ਫਰਵਰੀ ਤੋਂ ਲਗਾਤਾਰ ਚੱਲ ਰਹੀ ਕਲਮ ਛੋੜ ਹੜਤਾਲ ਦੀ ਹਮਾਇਤ ਦਾ ਐਲਾਨ ਕੀਤਾ ਹੈ। ਐਲੀਮੈਂਟਰੀ ਟੀਚਰ ਯੂਨੀਅਨ ਦੇ

ਸੂਬਾਈ ਆਗੂ ਤੇ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਕਿਹਾ ਕਿ ਮਿਡ ਡੇਅ ਮੀਲ ਦਫਤਰੀ ਕੱਚੇ ਕਰਮਚਾਰੀ ਯੂਨੀਅਨ ਵਲੋਂ ਡੀ ਜੀ ਐਸ ਈ ਦਫਤਰ ਮੁਹਾਲੀ ਵਿਖੇ 15 ਮਾਰਚ ਨੂੰ ਕੀਤੀ ਜਾ ਰਹੀ ਸੂਬਾ ਪੱਧਰੀ ਵਿਸ਼ਾਲ ਰੋਸ ਰੈਲੀ ਵਿੱਚ ਐਲੀਮੈਂਟਰੀ ਟੀਚਰ ਯੂਨੀਅਨ ਵੱਡੇ ਪੱਧਰ 'ਤੇ ਸ਼ਮੂਲੀਅਤ ਕਰੇਗੀ। ਪ੍ਰਧਾਨ ਅਸ਼ਵਨੀ ਫੱਜੂਪੁਰ ਨੇ ਕਿਹਾ 10 ਸਾਲ ਦਾ ਸੇਵਾ ਕਾਲ ਪੂਰਾ ਕਰ ਚੁੱਕੇ ਸਾਰੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਸਬੰਧੀ ਮੌਜੂਦਾ ਪੰਜਾਬ ਸਰਕਾਰ ਵਲੋਂ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕੀਤਾ ਗਿਆ ਸੀ। ਪਰ ਇਸ ਦੇ ਬਾਵਜੂਦ ਸਰਕਾਰ ਵਲੋਂ ਪਿਛਲੇ 15 ਸਾਲਾਂ ਤੋਂ ਨਿਗੂਣੀਆਂ ਤਨਖਾਹਾਂ 'ਤੇ ਕੰਮ ਕਰਦੇ ਆ ਰਹੇ ਇਨ੍ਹਾਂ ਦਫਤਰੀ ਕਾਮਿਆਂ ਨੂੰ ਪੱਕੇ ਨਾ ਕਰਕੇ ਉਨ੍ਹਾਂ ਦਾ ਆਰਥਿਕ ਤੇ ਮਾਨਸਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਅਤੇ ਜਵਾਨੀ ਰੋਲੀ ਜਾ ਰਹੀ ਹੈ। ਇਸ ਕਾਰਨ ਦਫਤਰੀ ਕਾਮਿਆਂ ਵਿੱਚ ਭਾਰੀ ਰੋਸ ਹੈ ਅਤੇ ਇਹ ਦਫਤਰੀ ਕਾਮਿਆਂ ਦੀ ਪਿਛਲੇ 23 ਦਿਨਾਂ ਤੋਂ ਲਗਾਤਾਰ ਕਲਮਛੋੜ ਹੜਤਾਲ ਜਾਰੀ ਹੈ। ਅਧਿਆਪਕ ਪ੍ਰਧਾਨ ਅਸ਼ਵਨੀ ਫੱਜੂਪੁਰ ਤੇ ਦਫਤਰੀ ਕਰਮਚਾਰੀ ਯੂਨੀਅਨ ਆਗੂ ਵਿਨੇ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ 10 ਸਾਲ ਦੀ ਸੇਵਾ ਕਾਲ ਪੂਰਾ ਕਰ ਚੁੱਕੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਕਾਨੂੰਨ ਨੂੰ ਛਿੱਕੇ ਟੰਗਿਆ ਹੋਇਆ ਹੈ। ਉਨ੍ਹਾਂ ਕਿਹਾ ਸਰਕਾਰ ਨੇ ਤਨਖਾਹ ਵਧਾਉਣ ਦੀ ਬਜਾਏ ਉਲਟਾ ਦਫਤਰੀ ਕਾਮਿਆਂ ਦੀ 5000 ਮਹੀਨਾ ਤਨਖਾਹ 'ਚ ਕਟੌਤੀ ਕੀਤੀ ਜਾ ਰਹੀ ਹੈ। ਮਿਡ ਡੇ ਮੀਲ ਦਫਤਰੀ ਕਾਮਿਆਂ ਦੀ ਤਨਖਾਹ ਵਿੱਚ 2019 ਤੋਂ ਕੋਈ ਵਾਧਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਦਫਤਰੀ ਕਾਮਿਆਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਪੰਜਾਬ ਸਰਕਾਰ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਇਸਦਾ ਖਮਿਆਜ਼ਾ ਭੁਗਤਣਾ ਪਵੇਗਾ।

ਪਲਾਸਟਿਕ ਦੇ ਲਿਫਾਫਿਆਂ ਦੀ ਵਿਕਰੀ ਜ਼ੋਰਾਂ 'ਤੇ

ਗੁਰਦਾਸਪੁਰ, (ਜਨਕ ਮਹਾਜਨ)

ਸੁਪਰੀਮ ਕੋਰਟ ਵਲੋਂ ਪਲਾਸਟਿਕ ਲਿਫਾਫਿਆਂ ਉਪਰ ਲਗਾਈ ਗਈ ਪਾਬੰਦੀ ਦੇ ਬਾਵਜੂਦ ਸ਼ਹਿਰ ਅਤੇ ਦਿਹਾਤੀ ਖੇਤਰ ਦੀਆਂ ਦੁਕਾਨਾਂ ਅੰਦਰ ਇਨ੍ਹਾਂ ਪਲਾਸਟਿਕ ਲਿਫਾਫਿਆਂ ਦੀ ਵਿਕਰੀ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਇਨ੍ਹਾਂ ਦੀ ਵਰਤੋਂ ਨੂੰ ਰੋਕਣ ਵਾਸਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਮੁਨਿਆਦੀ ਕਰਵਾ ਕੇ ਖ਼ਾਨਾਪੂਰਤੀ ਕਰ ਦਿੱਤੀ ਜਾਂਦੀ ਹੈ। ਇਸ ਸਬੰਧੀ ਕੁਝ ਵਾਤਾਵਰਣ ਪ੍ਰੇਮੀਆਂ ਨੇ ਦੱਸਿਆ ਕਿ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿਚ ਪਲਾਸਟਿਕ ਦੇ ਲਿਫਾਫਿਆਂ ਦਾ ਇਕ ਅਹਿਮ ਰੋਲ ਹੈ। ਉਨ੍ਹਾਂ ਕਿਹਾ ਪਲਾਸਟਿਕ ਦਾ ਲਿਫਾਫਾ ਇਕ ਨਾਗਲਣ ਯੋਗ ਵਸਤੂ ਹੈ ਜੋ ਕਾਫ਼ੀ ਸਮਾਂ ਮਿੱਟੀ ਵਿਚ ਦੱਬੇ ਰਹਿਣ ਦੇ ਬਾਵਜੂਦ ਗਲਦਾ ਨਹੀਂ। ਉਨ੍ਹਾਂ ਇਨ੍ਹਾਂ ਲਿਫਾਫਿਆਂ ਕਾਰਨ ਇਕ ਖ਼ਾਸ ਸਮੱਸਿਆ ਸ਼ਹਿਰ ਅੰਦਰ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਪਲਾਸਟਿਕ ਦੇ ਲਿਫਾਫੇ ਅਕਸਰ ਨਾਲੇ ਅਤੇ ਸੀਵਰੇਜਾਂ ਅੰਦਰ ਫਸ ਜਾਂਦੇ ਹਨ ਤਾਂ ਬਰਸਾਤਾਂ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਨਹੀਂ ਹੁੰਦਾ ਅਤੇ ਪਾਣੀ ਓਵਰਫਲੋ ਹੋ ਕੇ ਸੜਕਾਂ 'ਤੇ ਫਿਰਦਾ ਹੈ ਜਿਸ ਨਾਲ ਜਿੱਥੇ ਭੈੜੀ ਬਦਬੂ ਫੈਲਦੀ ਹੈ ਉਥੇ ਹੀ ਭਿਆਨਕ ਬਿਮਾਰੀਆਂ ਫ਼ੈਲਣ ਦਾ ਖਦਸ਼ਾ ਵੀ ਬਣ ਜਾਂਦਾ ਹੈ। ਉਨ੍ਹਾਂ ਕਿਹਾ ਸ਼ਹਿਰ ਅੰਦਰ ਤੇ ਦਿਹਾਤੀ ਖੇਤਰ ਵਿਚ ਇਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਦੀ ਵਿਕਰੀ ਆਮ ਹੀ ਦੇਖੀ ਜਾਂਦੀ ਹੈ। ਉਨ੍ਹਾਂ ਕਿਹਾ ਦੁਕਾਨਦਾਰਾਂ ਅਤੇ ਸਬਜ਼ੀ, ਫਲ ਦੀਆਂ ਰੇਹੜੀਆਂ ਵਾਲਿਆ ਵਲੋਂ ਇਨ੍ਹਾਂ ਪਲਾਸਟਿਕ ਦੇ ਲਿਫਾਫਿਆਂ ਵਿਚ ਸ਼ਰੇਆਮ ਗ੍ਰਾਹਕਾਂ ਨੂੰ ਸਮਾਨ ਪਾ ਕੇ ਦਿੱਤਾ ਜਾਂਦਾ ਹੈ। ਉਨ੍ਹਾਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਸਬੰਧਤ ਵਿਭਾਗ ਨੂੰ ਹਦਾਇਤਾਂ ਜਾਰੀ ਕਰਕੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ ਤਾਂ ਵਾਤਾਵਰਣ ਪ੍ਰਦੂਸ਼ਣ ਹੋਣ ਤੋਂ ਬਚ ਸਕੇ।

ਸਰਕਾਰਾਂ ਨੌਜੁਆਨਾਂ ਦੀ ਭਲਾਈ ਲਈ ਕਦਮ ਚੁੱਕਣ : ਪ੍ਰਿੰਸੀਪਲ ਤਰਸਿੱਕਾ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਸਮਾਜ ਸੇਵੀ ਸੰਸਥਾ ਕ੍ਰਾਂਤੀਕਾਰੀ ਤਰਕਸ਼ੀਲ ਲੋਕ ਚੇਤਨਾ ਲਹਿਰ ਦੇ ਪ੍ਰਧਾਨ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਨੌਜੁਆਨਾਂ ਦੀ ਭਲਾਈ ਲਈ ਵੱਧ ਤੋਂ ਵੱਧ ਕਦਮ ਚੁੱਕੇ ਜਾਣ ਤਾਂ ਜੋ ਲੋਕ ਆਪਣੇ ਬੱਚਿਆ ਨੂੰ ਜ਼ਮੀਨਾਂ ਵੇਚ ਕੇ ਬਾਹਰਲੇ ਮੁਲਕਾਂ ਵਿੱਚ ਭੇਜਣ ਲਈ ਮਜਬੂਰ ਨਾ ਹੋਣ। ਪ੍ਰਿੰਸੀਪਲ ਤਰਸਿੱਕਾ ਨੇ ਸਵਾਲ ਉਠਾਇਆ ਕਿ ਜੇਕਰ ਨੌਜਵਾਨਾਂ ਨੂੰ ਇਥੇ ਰਹਿ ਕੇ ਰੁਜ਼ਗਾਰ ਮਿਲੇ ਤਾਂ ਫਿਰ ਪੰਜਾਬ ਦੇ ਨੌਜੁਆਨਾਂ ਨੂੰ ਆਪਣੀਆਂ ਜ਼ਮੀਨਾਂ ਵੇਚ ਕੇ ਬਾਹਰਲੇ ਮੁਲਕਾਂ ਵਿੱਚ ਭੱਜਣ ਦੀ ਕੀ ਲੋੜ ਹੈ। ਪ੍ਰਿੰਸੀਪਲ ਨੇ ਕਿਹਾ ਕਿ ਸਰਕਾਰਾਂ ਦੀਆਂ ਮਾਰੂ ਨੀਤੀਆਂ ਸਦਕਾ ਅੱਜ ਨੌਜੁਆਨ ਬੇਰੁਜ਼ਗਾਰ ਹੋਇਆ ਸੜਕਾਂ 'ਤੇ ਫਿਰ ਰਿਹਾ ਹੈ ਅਤੇ ਹੱਥਾਂ ਵਿੱਚ ਡਿਗਰੀਆਂ ਹੋਣ ਦੇ ਬਾਵਜੂਦ ਕੋਈ ਰੁਜ਼ਗਾਰ ਨਹੀ ਮਿਲ ਰਿਹਾ। ਇਥੋਂ ਤੱਕ ਕਿ ਜੇਕਰ ਕਿਸੇ ਨੌਜੁਆਨ ਨੇ ਬੈਂਕਾਂ ਤੋਂ ਕਰਜ਼ਾ ਲੈ ਕੇ ਰੁਜ਼ਗਾਰ ਚਲਾਉਣਾ ਹੁੰਦਾ ਹੈ ਤਾਂ ਬੈਂਕਾਂ ਵਾਲੇ ਹੀ ਚੱਕਰ ਮਰਵਾ-ਮਰਵਾ ਕਿ ਰੋਣਹਾਕਾ ਕਰ ਦਿੰਦੇ ਹਨ। ਥੱਕ ਹਾਰ ਕੇ ਨੌਜੁਆਨ ਬੇਰੁਜ਼ਗਾਰੀ ਦੇ ਮਾਰੇ ਆਪਣੀਆਂ ਜ਼ਮੀਨਾਂ ਵੇਚ ਕੇ ਜਾਂ ਕਰਜ਼ੇ ਚੁੱਕ ਕੇ ਬਾਹਰਲੇ ਮੁਲਕਾਂ ਨੂੰ ਭੱਜਦੇ ਹਨ ਜਿਥੇ ਧੋਖੇਬਾਜ਼ ਟਰੈਵਲ ਏਜੰਟਾਂ ਦੇ ਢਹੇ ਚੜ੍ਹਕੇ ਨੌਜੁਆਨ ਵਿਦੇਸ਼ਾਂ ਵਿੱਚ ਧੱਕੇ ਖਾਂਦੇ ਹਨ। ਉਨ੍ਹਾ ਕਿਹਾ ਕਿ ਅੱਜ ਦਾ ਨੌਜੁਆਨ ਨਸ਼ਿਆਂ ਦਾ ਆਦੀ ਹੋ ਕੇ ਆਪਣਾ ਆਪ ਗਵਾ ਰਿਹਾ ਹੈ ਜਿਸ ਵੱਲ ਸਰਕਾਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਜੇਕਰ ਸਰਕਾਰੀ ਨੌਕਰੀਆਂ ਨਹੀਂ ਤਾਂ ਨੌਜੁਆਨਾਂ ਨੂੰ ਸਵੈ ਰੁਜ਼ਗਾਰ ਚਲਾਉਣ ਲਈ ਬਿਨਾਂ ਸ਼ਰਤ ਕਰਜ਼ਾ ਮੁਹੱਈਆ ਕਰਨਾ ਚਾਹੀਦਾ ਹੈ।

ਕਿਰਤੋਵਾਲ ਖੁਰਦ 'ਚ ਖੇਤ ਦਿਵਸ ਮਨਾਇਆ

ਪੱਟੀ, (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ)

ਮੁੱਖ ਖੇਤੀਬਾੜੀ ਅਫਸਰ ਡਾ. ਹਰਪਾਲ ਸਿੰਘ ਪੰਨੂ ਦੀ ਦੇਖ ਰੇਖ ਤਹਿਤ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ, ਪੱਟੀ ਨੇ ਪਿੰਡ ਕਿਰਤੋਵਾਲ ਖੁਰਦ ਵਿਖੇ ਖੇਤ ਦਿਵਸ ਮਨਾਇਆ।ਇਸ ਮੌਕੇ ਮੁੱਖ ਮਹਿਮਾਨ ਜ਼ਿਲ੍ਹਾ ਸਿਖਲਾਈ ਅਫਸਰ ਡਾ. ਤਜਿੰਦਰ ਸਿੰਘ ਨੇ ਉੱਦਮੀ ਕਿਸਾਨ ਸੁਖਵਿੰਦਰ ਸਿੰਘ ਅਤੇ ਨੇੜਲੇ ਕਿਸਾਨਾਂ ਵੱਲੋਂ ਅਪਣਾਈ ਹੈਪੀਸੀਡਰ, ਸਮਾਰਟ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ ਆਦਿ ਤਕਨੀਕਾਂ ਲਈ ਪਸੰਸਾ ਕਰਦਿਆਂ ਦੂਜੇ ਕਿਸਾਨਾਂ ਨੂੰ ਵੀ ਸਲਾਹ ਦਿੱਤੀ ਕਿ ਉਹ ਇਨ੍ਹਾਂ ਖੇਤਾਂ ਦਾ ਸਰਵੇਖਣ ਕਰਕੇ ਭਵਿੱਖ ਵਿੱਚ ਢੁਕਵੀਂ ਕੁਦਰਤ ਪੱਖੀ ਤਕਨੀਕ ਨੂੰ ਅਪਣਾਉਣ। ਖੇਤੀ ਖਰਚੇ ਘਟਾਉਣ ਸਬੰਧੀ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਹਰ ਸਾਲ ਨਵੇਂ ਬੀਜ 'ਤੇ ਖਰਚਾ ਕਰਨ ਦੀ ਬਜਾਏ ਉਹ ਖੁਦ ਬੀਜ ਤਿਆਰ ਕਰਨ ਨੂੰ ਤਰਜੀਹ ਦੇਣ। ਇਸ ਮੌਕੇ ਡਾ. ਭੁਪਿੰਦਰ ਸਿੰਘ ਖੇਤੀਬਾੜੀ ਅਫਸਰ ਪੱਟੀ ਨੇ ਕਿਹਾ ਕਿ ਜਿੱਥੇ ਅਸੀਂ ਫਸਲ ਦੇ ਝਾੜ ਅਤੇ ਆਮਦਨ ਵਾਧੇ ਬਾਰੇ ਸੋਚਦੇ ਹਾਂ ਉਥੇ ਕੁਦਰਤ ਦੇ ਫਲਸਫੇ ਨੂੰ ਵੀ ਸਮਝਣਾ ਪਵੇਗਾ। ਉਨ੍ਹਾਂ ਉਦਾਹਰਨ ਦਿੰਦਿਆਂ ਕਿਹਾ ਕਿ ਹਰ ਕਿਸਾਨ ਚਾਹੁੰਦਾ ਹੈ ਕਿ ਫਸਲ ਕਟਾਈ ਦੌਰਾਨ ਉਸ ਦੀ ਉਪਜ ਦਾ ਕੋਈ ਵੀ ਦਾਣਾ ਖੇਤ ਵਿਚ

ਨਵਾਂ ਜ਼ਮਾਨਾ
ਸ਼ੁੱਕਰਵਾਰ, 15 ਮਾਰਚ 2024

ਹਰਿਆਣਾ ਦਾ ਘਟਨਾਕ੍ਰਮ

ਪਿਛਲੇ ਸਾਲ 23 ਦਸੰਬਰ ਨੂੰ ਸਿਰਸਾ ਵਿਚ ਇਕ ਰੈਲੀ 'ਚ ਕਾਂਗਰਸ ਦੇ ਸਾਬਕਾ ਸਾਂਸਦ ਦੀਪੇਂਦਰ ਸਿੰਘ ਹੁੱਡਾ ਨੇ ਕਿਹਾ ਸੀ—ਭਾਜਪਾ ਨਾਲ ਜਜਪਾ ਦੇ ਦੁਸ਼ਯੰਤ ਚੌਟਾਲਾ ਦਾ ਜਿਹੜਾ ਸਮਝੌਤਾ ਹੋਇਆ ਸੀ, ਉਸ ਵਿਚ ਇਕ ਹੋਰ ਸਮਝੌਤਾ ਹੋ ਗਿਆ ਹੈ। ਸਮਝੌਤਾ ਤੋੜਨ ਦਾ ਵੀ ਸਮਝੌਤਾ ਹੋ ਗਿਆ ਹੈ। ਮੇਰੀ ਇਹ ਗੱਲ ਦਿਲ ਵਿਚ ਰੱਖਣਾ। ਜਜਪਾ ਵਾਲੇ ਸਮਝੌਤਾ ਤੋੜਨਗੇ ਤੇ ਭਾਜਪਾ ਦੇ ਇਸ਼ਾਰੇ 'ਤੇ ਤੁਹਾਡੇ ਵਿਚ ਆਉਣਗੇ। ਕਾਂਗਰਸ ਦੇ ਵੋਟ ਬੈਂਕ ਵਿਚ ਕੌਣ ਵੱਧ ਸੰਨ੍ਹ ਲਾਏਗਾ, ਅਭੈ ਸਿੰਘ ਚੌਟਾਲਾ ਜਾਂ ਦੁਸ਼ਯੰਤ ਚੌਟਾਲਾ, ਭਾਜਪਾ ਦੇ ਇਸ਼ਾਰੇ 'ਤੇ ਇਸ ਤਰ੍ਹਾਂ ਦੀ ਸਿਆਸਤ ਕੀਤੀ ਜਾਵੇਗੀ। ਸੂਬੇ ਵਿਚ ਪਰਿਵਰਤਨ ਨੂੰ ਰੋਕਣ ਲਈ ਇਕ ਚੱਕਰਵਿਊ ਰਚਿਆ ਜਾਵੇਗਾ। ਪਿਛਲੀ ਵਾਰ ਤਾਂ ਤੁਸੀਂ ਵੀ ਤੇ ਅਸੀਂ ਵੀ ਨਾਦਾਨ ਸੀ, ਪਰ ਹੁਣ ਤੁਸੀਂ ਵੀ ਸਮਝ ਚੁੱਕੇ ਹੋ ਤੇ ਅਸੀਂ ਵੀ ਸਮਝ ਚੁੱਕੇ ਹਾਂ। ਇਸ ਚੱਕਰਵਿਊ ਨੂੰ ਤੋੜਨ ਲਈ ਸਾਥ ਦਿਓਗੇ ਕਿ ਨਹੀਂ, ਇਕ ਵਾਰ ਹੱਥ ਖੜ੍ਹੇ ਕਰਕੇ ਤੁਹਾਥੋਂ ਅਸ਼ੀਰਵਾਦ ਤੇ ਸਾਥ ਮੰਗਦਾ ਹਾਂ।

ਇਹ ਵੀਡੀਓ ਦੀਪੇਂਦਰ ਹੁੱਡਾ ਨੇ 12 ਮਾਰਚ ਨੂੰ ਫਿਰ ਜਾਰੀ ਕੀਤਾ, ਜਿਸ ਦਿਨ ਭਾਜਪਾ ਨੇ ਜਜਪਾ ਨਾਲ ਤੋੜ-ਵਿਛੋੜਾ ਕਰਕੇ ਨਾਇਬ ਸਿੰਘ ਸੈਣੀ ਦੀ ਅਗਵਾਈ ਵਿਚ ਦੁਬਾਰਾ ਵਜ਼ਾਰਤ ਬਣਾਈ। ਦਰਅਸਲ ਭਾਜਪਾ-ਜਜਪਾ ਦਾ ਗਠਜੋੜ ਸੁਆਰਥ ਦਾ ਸੀ। 2019 ਦੀਆਂ ਅਸੰਬਲੀ ਚੋਣਾਂ ਵਿਚ ਭਾਜਪਾ ਦੇ ਖਾਤੇ ਵਿੱਚ 90 ਵਿੱਚੋਂ 41 ਸੀਟਾਂ (36.49 ਫੀਸਦੀ ਵੋਟਾਂ) ਆਈਆਂ ਸਨ, ਕਾਂਗਰਸ ਨੇ 28 ਫੀਸਦੀ ਵੋਟਾਂ ਨਾਲ 30 ਸੀਟਾਂ, ਜਦਕਿ ਜਜਪਾ ਨੇ 14.80 ਫੀਸਦੀ ਵੋਟਾਂ ਨਾਲ 10 ਸੀਟਾਂ ਜਿੱਤੀਆਂ ਸਨ। ਕਾਂਗਰਸ ਤੇ ਜਜਪਾ ਦੋਵਾਂ ਨੇ ਚੋਣਾਂ ਵਿਚ ਭਾਜਪਾ ਦਾ ਵਿਰੋਧ ਕੀਤਾ ਸੀ, ਪਰ ਨਤੀਜੇ ਆਉਣ ਤੋਂ ਬਾਅਦ ਦੁਸ਼ਯੰਤ ਖੱਟਰ ਸਰਕਾਰ ਵਿਚ ਸ਼ਾਮਲ ਹੋ ਕੇ ਉਪ ਮੁੱਖ ਮੰਤਰੀ ਬਣ ਗਏ। ਕਿਸਾਨ ਸਿਆਸਤ ਤੇ ਜਾਟ ਵੋਟਰਾਂ ਦੇ ਬਲ 'ਤੇ ਹੀ ਦੁਸ਼ਯੰਤ ਦੀ ਪਾਰਟੀ 10 ਸੀਟਾਂ ਜਿੱਤੀ ਸੀ। ਪਿਛਲੇ ਦਿਨਾਂ ਦੇ ਘਟਨਾਕ੍ਰਮ ਤੋਂ ਪਤਾ ਲੱਗਦਾ ਹੈ ਕਿ ਦੁਸ਼ਯੰਤ ਨੂੰ ਭਾਜਪਾ ਨਾਲ ਗਠਜੋੜ ਕਿੰਨਾ ਮਹਿੰਗਾ ਪਿਆ ਹੈ। ਜਾਟ ਵੋਟ ਬੈਂਕ ਤਾਂ ਪਹਿਲਾਂ ਹੀ ਦੂਰ ਹੋ ਗਿਆ ਸੀ, ਭਾਜਪਾ ਨੇ ਉਨ੍ਹਾਂ ਦੇ ਅੱਧੇ ਵਿਧਾਇਕ ਵੀ ਤੋੜ ਲਏ ਹਨ। ਇਹ ਉਨ੍ਹਾਂ ਪਾਰਟੀਆਂ ਲਈ ਚੰਗਾ ਸਬਕ ਹੈ, ਜਿਹੜੀਆਂ ਲਾਲ ਬੱਤੀ ਲਈ ਕਿਸੇ ਵੀ ਹੱਦ ਤੱਕ ਜਾ ਕੇ ਸਮਝੌਤਾ ਕਰਨ ਤੋਂ ਬਾਜ਼ ਨਹੀਂ ਆਉਂਦੀਆਂ।

ਪੰਜਾਬ ਦੇ ਨਾਲ ਹਰਿਆਣਾ ਕਿਸਾਨ ਅੰਦੋਲਨ ਦਾ ਗਵਾਹ ਰਿਹਾ ਹੈ। ਹਰਿਆਣਾ ਦੇ ਕਿਸਾਨ ਪ੍ਰੇਸ਼ਾਨ ਹਨ। ਮਹਿਲਾ ਭਲਵਾਨਾਂ ਦੇ ਯੌਨ ਸ਼ੋਸ਼ਣ ਦੇ ਮਾਮਲੇ ਨੇ ਸਮਾਜ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਫੌਜ ਵਿਚ ਭਰਤੀ ਹੋਣ ਵਾਲਾ ਹਰਿਆਣਵੀ ਨੌਜਵਾਨ 'ਅਗਨੀਵੀਰ' ਯੋਜਨਾ ਤੋਂ ਨਾਰਾਜ਼ ਹੈ। ਭਾਜਪਾ ਲਈ ਐਤਕੀਂ ਦੀਆਂ ਲੋਕ ਸਭਾ ਚੋਣਾਂ ਭਾਰੀ ਪੈਣ ਵਾਲੀਆਂ ਹਨ। 2019 ਵਿਚ ਅਸੰਬਲੀ ਸਭਾ ਚੋਣਾਂ 'ਚ ਗੋਦੀ ਮੀਡੀਆ ਭਾਜਪਾ ਨੂੰ 90 ਵਿੱਚੋਂ 80 ਸੀਟਾਂ ਦੇ ਰਿਹਾ ਸੀ, ਪਰ ਉਸ ਨੂੰ ਬਹੁਮਤ ਵੀ ਨਹੀਂ ਮਿਲਿਆ ਸੀ। ਇਸ ਵਾਰ ਕਾਂਗਰਸ ਮੁਕਾਬਲਤਨ ਬਿਹਤਰ ਤਿਆਰੀ ਵਿਚ ਹੈ ਤੇ ਉਸ ਦਾ ਆਮ ਆਦਮੀ ਪਾਰਟੀ ਨਾਲ ਸਮਝੌਤਾ ਵੀ ਹੋ ਗਿਆ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਉੱਤਰੀ ਭਾਰਤ ਵਿਚ ਹਰਿਆਣਾ ਤੋਂ ਹੀ ਬਦਲਾਅ ਦੀ ਸ਼ੁਰੂਆਤ ਹੋਵੇਗੀ।

ਵਿਕਾਸ ਨੂੰ ਤਰਸ ਰਿਹਾ ਸੁਤੰਤਰਤਾ ਸੈਨਾਨੀਆਂ ਤੇ ਜੰਗੀ ਸ਼ਹੀਦਾਂ ਦਾ ਪਿੰਡ ਭੈਣੀ ਬਾਂਗਰ

ਕਸ਼ਮੀਰ ਸਿੰਘ ਕਾਦੀਆਂ

ਦੇਸ਼ ਦੇ ਆਜ਼ਾਦੀ ਸੰਗਰਾਮ ਤੇ ਦੇਸ਼ ਦੀਆਂ ਵੱਡੀਆਂ ਜੰਗਾਂ ਵਿੱਚ ਵੱਡਾ ਯੋਗਦਾਨ ਪਾਉਣ ਵਾਲੇ ਸਰਹੱਦੀ ਜ਼ਿਲ੍ਹਾ ਗੁਰਦਾਸਪਰ ਦੇ ਵਿਧਾਨ ਸਭਾ ਹਲਕਾ ਕਾਦੀਆਂ ਦਾ ਪਿੰਡ ਭੈਣੀ ਬਾਂਗਰ ਲਵਾਰਸਾਂ ਦੀ ਤਰ੍ਹਾਂ ਸਰਕਾਰ ਦੀ ਅਣਦੇਖੀ ਦਾ ਕਾਰਨ ਅੱਜ ਵੀ ਬੁਨਿਆਦੀ ਸਹੂਲਤਾਂ ਤੋਂ ਸੱਖਣਾ ਹੈ । ਇਹ ਪਿੰਡ ਇਤਿਹਾਸਕ ਸ਼ਹਿਰ ਕਾਦੀਆਂ ਤੋਂ ਇੱਕ ਕਿਲੋਮੀਟਰ ਦੂਰੀ 'ਤੇ ਸਥਿਤ ਹੈ। ਆਜ਼ਾਦੀ ਤੋਂ ਬਾਅਦ ਸਮੇਂ-ਸਮੇਂ ਦੀਆ ਸਰਕਾਰਾਂ ਵੱਲੋਂ ਇਸ ਸ਼ਹੀਦੀ ਪ੍ਰਵਾਨਿਆਂ ਦੇ ਪਿੰਡ ਵਾਸੀਆਂ ਨੂੰ ਲੁੜੀਂਦੀਆ ਸਹੂਲਤਾਂ ਨਹੀਂ ਮਿਲ ਸਕੀਆਂ। ਜ਼ਿਕਰਯੋਗ ਹੈ ਕਿ ਇਸ ਪਿੰਡ ਦੀ ਕਰੀਬ 3 ਤੋਂ 4 ਹਜਾਰ ਆਬਾਦੀ ਹੈ ਤੇ ਵੱਖ-ਵੱਖ ਜਾਤਾਂ ਦੇ ਲੋਕ ਰਹਿੰਦੇ ਹਨ। 1947 ਤੋਂ ਪਹਿਲਾਂ ਬਣੀ ਆਜ਼ਾਦ ਹਿੰਦ ਫੌਜ ਵਿੱਚ ਇਸ ਪਿੰਡ ਦੇ ਵਸਨੀਕ ਸਵਰਗੀ ਗਿਆਨੀ ਖਜ਼ਾਨ ਸਿੰਘ ਅਤੇ ਬਾਪੂ ਗਿਆਨ ਸਿੰਘ ਦੀ ਦੇਣ ਅੱਜ ਵੀ ਸਾਰੇ ਪਿੰਡ ਵਾਸੀ ਚੇਤੇ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਸੰਨ 1962 ਤੇ 1965 ਦੀਆਂ ਵੱਡੀਆਂ ਜੰਗਾਂ ਦੌਰਾਨ ਇਸ ਪਿੰਡ ਦੇ ਸੈਨਾ ਨਾਇਕਾਂ ਨੇ ਆਪਣੀਆਂ ਜਾਨਾਂ ਵਾਰ ਕੇ ਦੁਸ਼ਮਣ ਦੇ ਦੰਦ ਖੱਟੇ ਕੀਤੇ ਤੇ ਦੇਸ਼ ਦੀਆਂ ਸਰਹੱਦਾਂ ਸੁਰੱਖਿਅਤ ਰੱਖੀਆਂ। ਇਸ ਪਿੰਡ ਦੇ ਵਸਨੀਕ ਸ਼ਹੀਦ ਨਾਇਕ ਚੈਨ ਸਿੰਘ ਮਹਾਂਵੀਰ ਚੱਕਰ ਵਿਜੇਤਾ ਸਮੇਤ ਕੁਲ ਚਾਰ ਸਹੀਦ ਜਿਨ੍ਹਾਂ ਨੇ 1965 ਦੀ ਜੰਗ ਦੌਰਾਨ ਆਪਦੀ ਬਹਾਦਰੀ ਦਾ ਲੋਹਾ ਮਨਵਾਉਂਦਿਆ ਦੇਸ਼ ਦੀ ਖਾਤਰ ਸ਼ਹਾਦਤ ਦਾ ਜਾਮ ਪੀਤਾ। ਸਰਕਾਰ ਵੱਲੋਂ ਸ਼ਹੀਦ ਦੇ ਨਾਂਅ 'ਤੇ ਇੱਕ ਯਾਦਗਾਰੀ ਗੇਟ ਕਾਦੀਆਂ-ਭੈਣੀ ਬਾਂਗਰ ਸੜਕ 'ਤੇ ਉਸਾਰਿਆ ਹੋਇਆ ਹੈ ,ਪਰ ਇਸ ਸੜਕ ਦੀ ਹਾਲਤ ਵੀ ਅੱਜਕੱਲ ਅਤੀ ਤਰਸਯੋਗ ਹੈ। ਹੁਣ ਵੀ ਇਸ ਪਿੰਡ ਦੇ ਅਨੇਕਾਂ ਨੌਜਵਾਨ ਸੈਨਾ ਵਿਚ ਭਰਤੀ ਹਨ । ਜੰਗਾਂ ਲੜ ਕੇ ਕਈ ਪੈਨਸ਼ਨਾਂ ਪ੍ਰਾਪਤ ਕਰਕੇ ਆਏ ਹਨ। ਪਿੰਡ ਕਈ ਸਹੂਲਤਾਂ ਤੋਂ ਸੱਖਣਾ ਹੈ । ਨਾ ਕੋਈ ਸਰਕਾਰੀ ਡਿਸਪੈਂਸਰੀ, ਨਾ ਕੋਈ ਸੀਵਰੇਜ ਸਿਸਟਮ, ਵਾਟਰ ਸਪਲਾਈ ਲਈ ਬਣੀ ਟੈਂਕੀ ਵਿੱਚੋਂ 15-20 ਘਰਾਂ ਨੂੰ ਸਿਰਫ ਕੁਝ ਮਹੀਨੇ ਪਾਣੀ ਮਿਲਣ ਤੋਂ ਬਾਅਦ ਪਿਛਲੇ ਲੰਮੇ ਸਮੇਂ ਤੋਂ ਬੰਦ ਅਤੇ ਬਾਕੀ ਪਿੰਡ ਵਾਸੀਆਂ ਨੂੰ ਇੱਕ ਬੂੰਦ ਪਾਣੀ ਦੀ ਨਸੀਬ ਨਹੀਂ ਹੋਈ। ਜੋ ਬੰਦ ਪਈ ਸਿਰਫ ਚਿੱਟਾ ਹਾਥੀ ਸਾਬਤ ਹੋ ਰਹੀ ਹੈ। ਪਿੰਡ ਦਾ ਇਕਲੌਤਾ ਛੱਪੜ ਜੋ ਸਿਆਸੀ ਆਗੂਆਂ ਦੀ ਮਿਲੀਭੁਗਤ ਨਾਲ ਨਜਾਇਜ਼ ਤੌਰ 'ਤੇ ਅੱਧ-ਪਚੱਧਾ ਪੂਰਿਆ ਜਾ ਚੁੱਕਾ ਹੈ। 76 ਸਾਲ ਬੀਤ ਜਾਣ 'ਤੇ ਵੀ ਪਿੰਡ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਇਸ ਤੋਂ ਇਲਾਵਾ ਪਿੰਡ ਦੇ ਗੰਦੇ ਪਾਣੀ ਦੇ ਨਿਕਾਸ ਲਈ ਬਣਿਆ ਹੋਇਆ ਸੀਵਰੇਜ ਸਿਸਟਮ ਵੀ ਨਾਕਸ ਪ੍ਰਬੰਧਾਂ ਕਾਰਨ ਖਰਾਬ ਹੋ ਚੁੱਕਾ ਹੈ। ਸਮੂਹ ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਵਾਟਰ ਸਪਲਾਈ ਅਤੇ ਸੀਵਰੇਜ ਸਿਸਟਮ ਨੂੰ ਦਰੁੱਸਤ ਕੀਤਾ ਜਾਵੇ। ਪਿੰਡ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਪਾਰਕ ਅਤੇ ਲਾਇਬ੍ਰੇਰੀ ਬਣਾਈ ਜਾਵੇ ਅਤੇ ਹੋਰ ਸਮੱਸਿਆਵਾਂ ਨੂੰ ਦਰੁਸਤ ਕਰਨ ਲਈ ਪਹਿਲ ਦੇ ਆਧਾਰ 'ਤੇ ਕੰਮ ਕੀਤਾ ਜਾਵੇ।

 # ਸੰਪਰਕ : 78379-17054

ਨਿਵਾਣਾਂ ਛੂੰਹਦੇ ਭਾਰਤੀ ਸਿਆਸਤਦਾਨ

ਆਤਮਾ ਸਿੰਘ ਪਮਾਰ

ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਕਾਰਨ ਇਸ ਦੇ ਬਸ਼ਿੰਦਿਆਂ ਨੂੰ ਵੀ ਆਪਣੇ ਆਪ 'ਤੇ ਫਖ਼ਰ ਮਹਿਸੂਸ ਹੋਣਾ ਸੁਭਾਵਿਕ ਹੀ ਹੈ। ਦੇਸ਼ ਦੇ ਨਾਗਰਿਕ ਹੋਣ ਕਾਰਨ ਹਰ ਵਿਅਕਤੀ ਨੂੰ, ਆਪਣੇ ਦੇਸ਼, ਸੂਬੇ ਅਤੇ ਖਿੱਤੇ ਦੀ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਦਿਸ਼ਾ ਅਤੇ ਦਸ਼ਾ ਦੀ ਜਾਣਕਾਰੀ ਰੱਖਣ ਜਾਂ ਸਬੰਧਤ ਸਰੋਤਾਂ ਤੋਂ ਪ੍ਰਾਪਤ ਕਰਨ ਦਾ ਸੰਵਿਧਾਨ ਅਧਿਕਾਰ ਹੈ। ਹੱਥਲੇ ਲੇਖ ਦਾ ਵਿਸ਼ਾ ਸਾਡੇ ਆਲੇ ਦੁਆਲੇ ਜੋ ਵੀ ਵਰਤਾਰਾ ਵਾਪਰ ਰਿਹਾ ਹੈ, ਬਾਰੇ ਵਿਚਾਰ-ਚਰਚਾ ਕਰਨਾ ਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੀ ਭਾਰਤੀ ਵਿਵਸਥਾ ਬਾਰੇ ਬਹੁਤ ਕੁਝ ਸੁਣਿਆ ਅਤੇ ਪੜ੍ਹਿਆ ਗਿਆ, ਜਿਸ ਨੂੰ ਵਾਚਦਿਆਂ ਅਜੋਕੇ ਦੌਰ ਅਤੇ ਪਹਿਲੇ ਦੌਰ ਵਿਚਲਾ ਅੰਤਰ ਵੀ ਮਹਿਸੂਸ ਹੁੰਦਾ ਹੈ। ਸਾਡੇ ਦਿਮਾਗ ਦੇ ਕਿਸੇ ਕੋਨੇ ਵਿੱਚ ਜਦੋਂ ਲੋਕਤੰਤਰ ਦੀ ਤਸਵੀਰ ਉਘੜਦੀ ਹੈ ਤਾਂ ਅਛੋਪਲੇ ਹੀ ਸਾਡੇ ਜ਼ਿਹਨ ਵਿੱਚ ਬਹੁਤ ਸਾਰੇ ਸਵਾਲ ਪ੍ਰਵੇਸ਼ ਕਰ ਜਾਂਦੇ ਹਨ । ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਜਿਸ ਲੋਕਤੰਤਰ ਦੀ ਅਸੀਂ ਗੱਲ ਕਰਦੇ ਹਾਂ ਕੀ ਅਮਲੀ ਅਤੇ ਹਕੀਕੀ ਰੂਪ ਵਿੱਚ ਉਸ ਦਾ ਪ੍ਰਗਟਾਵਾ ਜਨਤਕ ਮੰਚ 'ਤੇ ਨਜ਼ਰੀਂ ਵੀ ਪੈ ਰਿਹਾ ਹੈ। ? ਇੱਥੇ ਇੱਕ ਗੱਲ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਤੱਤਕਾਲੀ ਰਾਜਨੀਤਕ ਨੇਤਾਵਾਂ ਦੀ ਕਹਿਣੀ ਅਤੇ ਕਰਨੀ, ਸਿਧਾਂਤਕ ਪਕਿਆਈ ਦੇਸ਼, ਕੌਮ ਅਤੇ ਜਨਤਕ ਹਿੱਤਾਂ ਪ੍ਰਤੀ ਪ੍ਰਤੀਬੱਧਤਾ ਤੋਂ ਇਲਾਵਾ ਤਕਰੀਬਨ ਸਾਰੇ ਹੀ ਰਾਜਨੀਤਕ ਦਲਾਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਪਾਰਦਰਸ਼ਤਾ, ਮਿਆਰ , ਮਨੋਭਾਵਨਾ, ਵਿਰੋਧੀਆਂ ਪ੍ਰਤੀ ਸਤਿਕਾਰ ਅਤੇ ਲੋਕ ਸੇਵਾ ਆਦਿ ਵਰਗੇ ਸੰਕਲਪਾਂ ਦਾ ਪ੍ਰਤੱਖ ਰੂਪ ਵਿੱਚ ਸਮਰਪਿਤ ਹੋਣਾ ਹੀ ਸੀ।ਇਸ ਦੇ ਉਲਟ ਪਿਛਲੇ ਕੁਝ ਸਮੇਂ ਤੋਂ ਅਤੇ ਵਿਸ਼ੇਸ਼ ਕਰਕੇ ਮੌਜੂਦਾ ਦੌਰ ਵਿੱਚ ਉਕਤ ਸਭ ਕੁਝ ਲਗਪੱਗ ਅਲੋਪ ਹੋਣ ਦੀ ਕਾਗਾਰ 'ਤੇ ਹੀ ਪਹੁੰਚ ਗਿਆ ਹੈ । ਇਸ ਤਰ੍ਹਾਂ ਜਪਦਾ ਹੈ ਕਿ ਦੇਸ਼, ਕੌਮ ਅਤੇ ਲੋਕ ਹਿੱਤਾਂ ਨੂੰ ਪ੍ਰਣਾਏ ਰਾਜਨੀਤਕ ਨੇਤਾਵਾਂ ਦਾ ਜਿਵੇਂ ਕਾਲ ਹੀ ਪੈ ਗਿਆ ਹੋਵੇ ।ਕਈ ਵਾਰ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਨੈਤਿਕਤਾ ,ਸਿਧਾਂਤ ਅਤੇ ਸਮਾਜਿਕ ਰਹੁ ਰੀਤਾਂ, ਆਤਮ ਸਨਮਾਨ ਅਤੇ ਵਿਰੋਧੀਆਂ ਪ੍ਰਤੀ ਸੁਨੇਹ ਵਰਗੇ ਸ਼ਬਦਾਂ ਦੀ ਮਹੱਤਤਾ, ਗਰਿਮਾ ਦੇ ਸਿਰਫ ਅਰਥ ਹੀ ਨਾ ਬਦਲੇ ਹੋਣ, ਸਗੋਂ ਉਹ ਆਪਣਾ ਵਜੂਦ ਹੀ ਗੁਆ ਚੁੱਕੇ ਹੋਣ।ਚੋਣਾਂ ਤੋਂ ਪਹਿਲਾਂ ਸਮੁੱਚੇ ਰਾਜਨੀਤਕ ਦਲ ਇੱਕ-ਦੂਜੇ ਤੋਂ ਵੱਧ-ਚੜ੍ਹ ਕੇ ਜਨਤਾ ਨਾਲ ਅਜਿਹੇ ਵਾਅਦੇ ਅਤੇ ਗਰੰਟੀਆਂ ਕਰਦੇ ਹਨ, ਜਿਨ੍ਹਾਂ ਦੀ ਪੂਰਤੀ ਦੇਸ਼ ਅਤੇ ਸੂਬਿਆਂ ਦੀ ਆਰਥਿਕ, ਸਮਾਜਿਕ ਅਤੇ ਧਾਰਮਿਕ ਸਥਿਤੀ ਦੇ ਚਲਦਿਆਂ ਸੰਭਵ ਹੀ ਨਹੀਂ ਹੁੰਦੀ। ਆਜ਼ਾਦੀ ਤੋਂ ਬਾਅਦ ਦੇ ਕੁਝ ਸਮੇਂ ਨੂੰ ਛੱਡ ਕੇ ਅਜਿਹਾ ਵਰਤਾਰਾ ਬੜੀ ਬੇਸ਼ਰਮੀ ਅਤੇ ਢੀਠਤਾਈ ਨਾਲ ਬਾਦਸਤੂਰ ਜਾਰੀ ਹੈ । ਹਰ ਵਾਰ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਸਮੇਂ ਵੋਟਰਾਂ ਨੂੰ ਵੱਖ-ਵੱਖ ਤਰ੍ਹਾਂ ਦੇ ਲੁਭਾਉਣੇ ਨਾਅਰੇ; ਨਸ਼ੇ, ਗੈਸ ਸਲੰਡਰ, ਕੋਲਡ ਡਰਿੰਕ ਪਰੋਸਣ ਤੋਂ ਇਲਾਵਾ ਝੂਠ-ਫਰੇਬ, ਡਰਾਉਣ-ਧਮਕਾਉਣ ਤੱਕ ਤੋਂ ਵੀ ਗਰੇਜ਼ ਨਹੀਂ ਕੀਤਾ ਜਾਂਦਾ। ਮੁਫਤ ਬਿਜਲੀ ਪਾਣੀ, ਆਟਾ-ਦਾਲ ਆਦਿ ਦੇ ਲੌਲੀਪੋਪ ਦੇਣ ਨੂੰ ਇਸ ਤਰ੍ਹਾਂ ਪ੍ਰਚਾਰਿਆ ਜਾਂਦਾ ਹੈ, ਜਿਵੇਂ ਕੋਈ ਨੇਤਾ, ਇਹ ਸਭ ਕੁਝ ਆਪਣੀ ਜੇਬ ਵਿੱਚੋਂ ਦੇਣ ਦੀ ਪੇਸ਼ਕਸ਼ ਕਰ ਰਿਹਾ ਹੋਵੇ। ਉਹ ਭੁੱਲ ਜਾਂਦੇ ਹਨ ਕਿ ਇਹ ਗਰੀਬ ਅਤੇ ਆਮ ਲੋਕਾਂ ਦੀ ਟੈਕਸ ਦੇ ਰੂਪ ਵਿੱਚ ਦਿੱਤੀ ਹੋਈ ਰਾਸ਼ੀ ਹੈ ਅਤੇ ਇਹਨਾਂ ਲੋਕਾਂ ਨੇ ਹੀ ਆਪਣੀ ਕੀਮਤੀ ਵੋਟ ਦੇ ਕੇ ਉਨ੍ਹਾਂ ਨੂੰ ਇਹ ਰਾਸ਼ੀ ਤਕਸੀਮ ਕਰਨ ਦੇ ਕਾਬਲ ਬਣਾਇਆ ਹੈ। ਅਜਿਹਾ ਕਰਕੇ ਸਰਕਾਰਾਂ ਲੋਕਾਂ 'ਤੇ ਕੋਈ ਅਹਿਸਾਨ ਨਹੀਂ ਕਰ ਰਹੀਆਂ ।ਕੇਂਦਰੀ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦਾ ਤਾਂ ਬਾਬਾ ਆਲਮ ਹੀ ਨਿਆਰਾ ਹੈ, ਜਾਪਦਾ ਹੈ ਜਿਵੇਂ ਸੰਵਿਧਾਨ ਦੀ ਅਣਦੇਖੀ ਕਰਨ , ਨੈਤਿਕ ਕਦਰਾਂ-ਕੀਮਤਾਂ ਨੂੰ ਵਿਸਾਰਨ, ਘੱਟ ਗਿਣਤੀਆਂ 'ਤੇ ਹਮਲਿਆਂ ਤੋਂ ਇਲਾਵਾ ਬੁੱਧੀਜੀਵੀਆਂ, ਆਲੋਚਕਾਂ ਨੂੰ ਸਬਕ ਸਿਖਾਉਣ ਦਾ ਠੇਕਾ ਇਸ ਪਾਰਟੀ ਨੇ ਹੀ ਲਿਆ ਹੋਵੇ। ਸਰਕਾਰ ਦਾ ਇੱਕ ਨੁਕਾਤੀ ਪ੍ਰੋਗਰਾਮ; ਅੰਦੋਲਨ ਮੁਕਤ ਸੜਕਾਂ, ਵਿਰੋਧੀ ਧਿਰ ਮੁਕਤ ਸੰਸਦ ਅਤੇ ਆਲੋਚਨਾ ਮੁਕਤ ਜਨਤਾ ਹੀ ਹੈ । ਅਜਿਹੀਆਂ ਗੈਰ-ਜਮਹੂਰੀ ਨੀਤੀਆਂ ਲੋਕਤੰਤਰ ਲਈ ਵੱਡਾ ਖਤਰਾ ਹੋ ਨਿਬੜਦੀਆਂ ਹਨ। ਇਸੇ ਤਰ੍ਹਾਂ ਹੀ ਰਾਜਨੀਤੀ ਵਿੱਚ ਸਾਰੇ ਰਾਜਨੀਤਕ ਦਲ ਸੱਤਾ ਪ੍ਰਾਪਤੀ ਲਈ ਹਮਖਿਆਲੀ ਪਾਰਟੀਆਂ ਨਾਲ ਘੱਟੋ-ਘੱਟ ਸਾਂਝੇ ਪ੍ਰੋਗਰਾਮ ਤਹਿਤ ਗਠਜੋੜ ਕਰਦੇ ਆਏ ਹਨ, ਜੋ ਕਿਸੇ ਤਰ੍ਹਾਂ ਵੀ ਅਣਉਚਿਤ ਨਹੀਂ, ਪਰੰਤੂ ਸਾਡੇ ਦੇਸ਼ ਵਿੱਚ ਗਠਜੋੜਾਂ ਲਈ ਕੋਈ ਨਿਰਧਾਰਿਤ ਮਾਪਦੰਡ ਨਹੀ, ਸਗੋਂ ਕੇਂਦਰ ਅਤੇ ਸੂਬਿਆਂ ਵਿੱਚ ਸਿਧਾਂਤਾਂ ਨੂੰ ਅਣਗੌਲਿਆ ਕਰਕੇ ਸਿਰਫ ਸਤਾ ਪ੍ਰਾਪਤੀ ਲਈ ਹੀ ਗੱਠਜੋੜ ਕੀਤੇ ਜਾਂਦੇ ਹਨ। ਇਹੀ ਕਾਰਨ ਹੈ ਕਿ ਆਪਸੀ ਖਿੱਚੋਤਾਣ ਦੇ ਚਲਦਿਆਂ ਲੋਕਾਈ ਦੇ ਅਸਲ ਮੁੱਦੇ ਪਛੜ ਕੇ ਰਹਿ ਗਏ ਹਨ ।

ਅਜੋਕੇ ਦੌਰ ਵਿੱਚ ਦੇਸ਼ ਦਾ ਕੋਈ ਵੀ ਕੌਮੀ ਜਾਂ ਖੇਤਰੀ ਰਾਜਨੀਤਕ ਦਲ ਅਜਿਹਾ ਨਹੀਂ, ਜੋ ਬਾਂਹ ਖੜੀ ਕਰਕੇ ਖੁੱਲ੍ਹਾ ਐਲਾਨ ਕਰੇ ਕਿ ਉਹ ਆਪਣੀ ਪਾਰਟੀ ਦੇ ਸਿਧਾਂਤਾਂ, ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਹੂਬਹੂ ਤਾਂ ਕੀ ਕੁਝ ਹੱਦ ਤੱਕ ਵੀ ਲਾਗੂ ਕਰਨ ਦਾ ਦਾਅਵਾ ਕਰ ਸਕੇ। ਇਲੈਕਟਰੋਨਿਕ, ਪ੍ਰਿੰਟ ਅਤੇ ਸੋਸ਼ਲ ਮੀਡੀਏ ਤੋਂ ਨਸ਼ਰ ਹੁੰਦੀਆਂ ਵੱਖ-ਵੱਖ ਸਰਕਾਰੀ ਸੰਸਥਾਵਾਂ ਦੇ ਕਥਿਤ ਭ੍ਰਿਸ਼ਟਾਚਾਰ ਦੀਆਂ ਖਬਰਾਂ, ਜਨਤਾ ਦੁਆਰਾ ਚੁਣੇ ਹੋਏ ਵਿਧਾਇਕਾਂ, ਸਾਂਸਦਾਂ ਦੀ ਖਰੀਦੋ-ਫਰੋਖ਼ਤ, ਦਲ-ਬਦਲੀਆਂ ਕਰਵਾ ਕੇ ਵਿਰੋਧੀ ਸਰਕਾਰਾਂ ਨੂੰ ਡ

15-MAR-PAGE-5.qxd 3/14/2024 10:42 PM Page 1

ਸਾਢੇ 5 ਕਿੱਲੋ ਹੈਰੋਇਨ ਤੇ ਅਸਲੇ ਸਣੇ ਚਾਰ ਵਿਅਕਤੀ ਗ੍ਰਿਫ਼ਤਾਰ

ਮੋਗਾ (ਇਕਬਾਲ ਸਿੰਘ ਖਹਿਰਾ)-ਮੋਗਾ ਪੁਲਸ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਤਿੰਨ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਿਲ੍ਹਾ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਪਾਸੋਂ ਸਾਢੇ 5 ਕਿਲੋਗ੍ਰਾਮ ਹੈਰੋਇਨ ਤੇ ਇੱਕ ਕਾਰ ਬਰਾਮਦ ਹੋਈ ਹੈ। ਐੱਸ.ਐੱਸ.ਪੀ. ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀ.ਐੱਸ.ਪੀ. ਰਵਿੰਦਰ ਸਿੰਘ ਦੀ ਅਗਵਾਈ ਹੇਠ ਸੀ.ਆਈ.ਏ ਸਟਾਫ ਮੋਗਾ ਦੇ ਇੰਸਪੈਕਟਰ ਦਲਜੀਤ ਸਿੰਘ ਨੇ ਪੁਲਸ ਪਾਰਟੀ ਨੇ ਇੱਕ ਗੁਪਤ ਸੂਚਨਾ ਦੇ ਅਧਾਰ 'ਤੇ ਮੋਗਾ ਸ਼ਹਿਰ ਦੀ ਦੋਸਾਂਝ ਰੋਡ 'ਤੇ ਸੰਦੀਪ ਸਿੰਘ ਉਰਫ਼ ਭੱਟੀ ਦੇ ਘਰ ਰੇਡ ਕੀਤੀ ਗਈ ਤਾਂ ਘਰ ਦੇ ਬਾਹਰ ਖੜੀ ਕਾਰ ਵਿੱਚੋਂ ਨਸ਼ੇ ਦੀ ਖੇਪ ਬਰਾਮਦ ਹੋਈ। ਇਸ ਸਬੰਧੀ ਪੁਲਸ ਨੇ ਸੰਦੀਪ ਸਿੰਘ ਉਰਫ਼ ਭੱਟੀ, ਸੁਖਚੈਨ ਸਿੰਘ ਚੈਨਾ ਤੇ ਧਰਮਪ੍ਰੀਤ ਸਿੰਘ ਉਰਫ਼ ਧੰਮੀ ਨੂੰ ਕਾਬੂ ਕਰ ਲਿਆ। ਐੱਸ.ਐੱਸ.ਪੀ. ਨੇ ਦੱਸਿਆ ਕਿ ਫੜੇ ਗਏ ਇਨ੍ਹਾਂ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਮੁਖੀ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਨੇ ਪੁੱਛ-ਗਿੱਛ ਦੌਰਾਨ ਮੰਨਿਆ ਕਿ ਇਹ ਬਾਰਡਰ ਏਰੀਆ ਤੋਂ ਹੈਰੋਇਨ ਲਿਆ ਕੇ ਪੰਜਾਬ ਵਿੱਚ ਸਪਲਾਈ ਕਰਦੇ ਸਨ। ਇਸੇ ਤਰ੍ਹਾਂ ਮੋਗਾ ਪੁਲਸ ਨੇ ਇੱਕ ਵਿਅਕਤੀ ਨੂੰ 3 ਪਿਸਤੌਲਾਂ ਤੇ 5 ਜ਼ਿੰਦਾ ਰੌਂਦਾਂ ਸਮੇਤ ਕਾਬੂ ਕੀਤਾ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਐੱਸ ਪੀ ਬਾਲ ਕ੍ਰਿਸ਼ਨ ਸਿੰਗਲਾ ਤੇ ਡੀ.ਐੱਸ.ਪੀ. ਹਰਿੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਨੇ ਬਾਘਾ ਪੁਰਾਣਾ ਨੇੜੇ ਚੜਿੱਕ ਰੋਡ 'ਤੇ ਨਾਕਾ ਲਗਾ ਰੱਖਿਆ ਸੀ। ਮੁਖ਼ਬਰ ਵੱਲੋਂ ਇਤਲਾਹ ਮਿਲੀ ਸੀ ਕਿ ਗੁਰਪ੍ਰੀਤ ਸਿੰਘ ਉਰਫ ਗੋਪੀ ਵਾਸੀ ਬੁੱਕਣਵਾਲਾ ਰੋਡ ਲਾਹੌਰੀਆਂ ਕੋਲ ਹਥਿਆਰ ਹਨ ਤੇ ਉਹ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਹੈ। ਪੁਲਸ ਨੇ ਮਿਲੀ ਜਾਣਕਾਰੀ ਅਨੁਸਾਰ ਪੀਰ ਬਾਬਾ ਮੱਲਣ ਸ਼ਾਹ ਗੇਟ ਮੋਗਾ ਬਾਘਾ ਪੁਰਾਣਾ ਜੀ ਟੀ ਰੋਡ ਉੱਪਰ ਰੇਡ ਕੀਤੀ ਤੇ ਗੁਰਪ੍ਰੀਤ ਉਰਫ ਗੋਪੀ ਨੂੰ ਕਾਬੂ ਕਰ ਲਿਆ। ਪੁਲਸ ਵੱਲੋਂ ਤਲਾਸ਼ੀ ਦੌਰਾਨ ਉਸ ਪਾਸੋਂ ਦੋ 32 ਬੋਰ ਪਿਸਤੌਲ, 4 ਜ਼ਿੰਦਾ ਰੌਂਦ, 1 ਦੇਸੀ ਕੱਟਾ 315 ਬੋਰ ਇੱਕ ਰੌਂਦ 315 ਬੋਰ ਬਰਾਮਦ ਹੋਏ ਹਨ। ਪੁਲਸ ਵੱਲੋਂ ਪੁੱਛਗਿੱਛ ਦੌਰਾਨ ਗੁਰਪ੍ਰੀਤ ਸਿੰਘ ਉਰਫ ਗੋਪੀ ਨੇ ਦੱਸਿਆ ਕਿ ਇਹ ਹਥਿਆਰ ਉਸ ਨੂੰ ਕੈਨੇਡਾ ਵਿੱਚ ਰਹਿੰਦੇ ਦਵਿੰਦਰਪਾਲ ਸਿੰਘ ਉਰਫ਼ ਗੋਪੀ ਲਾਹੌਰੀਆ ਨੇ ਮੁੱਹਈਆ ਕਰਵਾਏ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਪੁੱਛ-ਗਿੱਛ ਕੀਤੀ ਜਾਵੇਗੀ। ਇਸ ਸਬੰਧੀ ਅਸਲਾ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ।

ਕਾਂਗਰਸ ਪਾਰਟੀ ਦਾ ਹਰ ਸੁਨੇਹਾ ਲੋਕਾਂ ਤੱਕ ਪੁੱਜਦਾ ਕੀਤਾ ਜਾਵੇਗਾ : ਪ੍ਰਧਾਨ ਰੰਧਾਵਾ

ਕਾਂਗਰਸ ਵੱਲੋਂ ਮਹਿਲਾਵਾਂ ਲਈ ਕੀਤੇ ਵੱਡੇ ਐਲਾਨਾਂ ਦਾ ਸਵਾਗਤ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਕਾਂਗਰਸ ਪਾਰਟੀ ਵੱਲੋਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਬਣਨ ਤੇ ਔਰਤਾਂ ਲਈ ਵੱਡੇ ਐਲਾਨ ਕੀਤੇ ਗਏ ਹਨ, ਜਿਨ੍ਹਾਂ ਦਾ ਮਹਿਲਾ ਕਾਂਗਰਸ ਪੰਜਾਬ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਸਵਾਗਤ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਕਾਂਗਰਸ ਵੱਲੋਂ ਜਿਹੜੇ ਐਲਾਨ ਕੀਤੇ ਗਏ ਹਨ, ਉਨ੍ਹਾਂ ਵਿੱਚ ਹਰ ਗਰੀਬ ਪਰਿਵਾਰਾਂ ਦੀ ਇੱਕ ਔਰਤ ਨੂੰ ਮਿਲੇਗੀ ਸਾਲਾਨਾ 1 ਲੱਖ ਰੁ: ਦੀ ਮਦਦ, ਕੇਂਦਰ ਸਰਕਾਰ ਦੀਆਂ ਨਵੀਆਂ ਨਿਯੁਕਤੀਆਂ 'ਚ ਅੱਧਾ ਹੱਕ ਔਰਤਾਂ ਲਈ, ਭੰਗਤਾਦਰੀ, ਆਸ਼ਾ, ਮਿੱਡ ਡੇ ਮੀਲ ਵਰਕਰਜ਼ ਆਰ ਈ, ਮਹੀਨੇ ਦੇ ਭੱਤੇ 'ਚ ਕੇਂਦਰ ਸਰਕਾਰ ਦਾ ਦੁੱਗਣਾ ਯੋਗਦਾਨ, ਹਰ ਪੰਚਾਇਤ 'ਚ ਔਰਤਾਂ ਨੂੰ ਜ਼ਰੂਰੀ ਮਦਦ ਲਈ ਇੱਕ ਕਾਨੂੰਨ ਸਹਾਇਕ ਦੀ ਨਿਯੁਕਤੀ, ਕੰਮਕਾਜੀ ਔਰਤਾਂ ਦੇ ਲਈ ਹਰ ਜ਼ਿਲ੍ਹੇ ਦੇ ਹੈੱਡਕੁਆਟਰ 'ਚ ਘੱਟੋ-ਘੱਟ ਇੱਕ ਹੋਸਟਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਹਮੇਸ਼ਾ ਹੀ ਮਹਿਲਾਵਾਂ ਨੂੰ ਬਣਦੇ ਹੱਕ ਦਿੱਤੇ ਹਨ ਤੇ ਅੱਜ ਔਰਤਾਂ ਲਈ ਕੀਤੇ ਵੱਡੇ ਐਲਾਨਾਂ ਨਾਲ ਵੀ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਣਨ 'ਤੇ ਪਹਿਲ ਦੇ ਆਧਾਰ ਉੱਤੇ ਇਨ੍ਹਾਂ ਨੂੰ ਲਾਗੂ ਕੀਤਾ ਜਾਵੇਗਾ।

ਜੋੜ ਮੇਲੇ 'ਤੇ ਵਿਸ਼ੇਸ਼

ਵਿੱਦਿਆ ਦਾਨੀ, ਰਾਜ ਯੋਗੀ ਸੰਤ ਬਾਬਾ ਅਤਰ ਸਿੰਘ ਮਸਤੂਆਨਾ ਵਾਲੇ

ਸੰਤ ਅਤਰ ਸਿੰਘ ਦਾ ਜਨਮ ਚੀਮਾ (ਸੰਗਰੂਰ) ਵਿਖੇ 17 ਮਾਰਚ 1866 ਈਸਵੀ ਨੂੰ ਮਾਤਾ ਭੋਲੀ ਕੌਰ ਦੀ ਕੁੱਖੋਂ ਪਿਤਾ ਕਰਮ ਸਿੰਘ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਪਿੰਡ ਦੇ ਡੇਰੇ ਵਿਖੇ ਭਾਈ ਬੂਟਾ ਸਿੰਘ ਜੀ ਪਾਸੋਂ ਗੁਰਮੁਖੀ ਪੜ੍ਹਨੀ-ਲਿਖਣੀ ਸਿੱਖੀ ਤੇ ਆਪ ਪਿਤਾ ਨਾਲ ਘਰੇਲੂ ਕੰਮ-ਕਾਜ ਤੇ ਖੇਤੀਬਾੜੀ ਵੀ ਕਰਦੇ ਸਨ। ਸੰਨ 1883 ਈਸਵੀ ਵਿੱਚ ਆਪ ਮਾਤਾ-ਪਿਤਾ ਦੀ ਆਗਿਆ ਨਾਲ ਫੌਜ ਵਿੱਚ ਭਰਤੀ ਹੋ ਗਏ ਤੇ ਪਲਟਨ 'ਚ ਹੀ ਪੰਜ ਪਿਆਰਿਆਂ ਪਾਸੋਂ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣੇ। ਸੰਨ 1888 ਈਸਵੀ ਵਿੱਚ ਆਪ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਤੇ ਡੇਰਾ ਗਾਜੀ ਖਾਂ ਤੋਂ ਪੈਦਲ ਚੱਲ ਕੇ ਹਜ਼ੂਰ ਸਾਹਿਬ ਨਾਂਦੇੜ (ਮਹਾਂਰਾਸ਼ਟਰ) ਪੁੱਜੇ। ਇਸ ਯਾਤਰਾ ਦੌਰਾਨ ਸੱਜਾ ਪੈਰ ਪੁੱਟਦੇ ਤਾਂ 'ਵਾਹਿ' ਆਖਦੇ ਤੇ ਖੱਬਾ ਪੈਰ ਪੁੱਟਦੇ ਤਾਂ 'ਗੁਰੂ' ਆਖਦੇ ਤੇ ਇਕ ਦਿਨ 'ਚ 100-100 ਕੋਹ ਦਾ ਪੈਂਡਾ ਤੈਅ ਕਰ ਲੈਂਦੇ। ਉਨ੍ਹਾਂ ਹਜ਼ੂਰ ਸਾਹਿਬ ਵਿਖੇ ਗੋਦਾਵਰੀ ਨਦੀ ਦੇ ਕੰਢੇ ਬੈਠ ਕੇ ਤਕਰੀਬਨ ਦੋ ਸਾਲ ਨਾਮ ਅਭਿਆਸ ਕੀਤਾ ਤੇ ਸਵਾ ਲੱਖ ਜਪੁਜੀ ਸਾਹਿਬ ਦੇ ਪਾਠ ਵੀ ਕੀਤੇ। ਉਨ੍ਹਾਂ ਹਜ਼ੂਰ ਸਾਹਿਬ ਤੋਂ ਬਾਅਦ ਹਰਿਦੁਆਰ ਤੇ ਰਿਸ਼ੀਕੇਸ ਵੀ ਇਕ ਸਾਲ ਦੇ ਕਰੀਬ ਨਾਮ ਸਿਮਰਨ ਕੀਤਾ। ਉਨ੍ਹਾਂ ਸੰਨ 1893 ਈਸਵੀ ਵਿੱਚ ਕਨੇਹੇ ਪਿੰਡ ਪਾਸ ਇਕ ਜੰਗਲ 'ਚ ਪਹਿਲਾਂ 40 ਦਿਨ, ਫਿਰ ਛੇ ਮਹੀਨੇ ਤੇ ਫਿਰ 1 ਸਾਲ ਲਗਾਤਾਰ ਭਾਰੀ ਤਪ ਕੀਤਾ। ਇਹ ਮਹਾਨ ਤਪ ਕਰਨ ਤੋਂ ਬਾਅਦ ਸੰਤ ਜੀ ਦੀ ਪਵਿੱਤਰ ਛੋਹ ਸਾਰੇ ਇਲਾਕੇ 'ਚ ਫੈਲ ਗਈ ਤੇ ਸੰਗਤਾਂ ਉਨ੍ਹਾਂ ਦੇ ਦਰਸ਼ਨਾਂ ਨੂੰ ਆਉਣ ਲੱਗ ਪਈਆਂ। ਆਪ ਜੀ ਨੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਾਸਤੇ ਦੇਸ਼ ਭਰ ਵਿੱਚ ਬਹੁਤ ਅਸਥਾਨਾਂ 'ਤੇ ਜਾ-ਜਾ ਧਾਰਮਿਕ ਦੀਵਾਨ ਸਜਾਏ ਤੇ ਲਗਭਗ 14 ਲੱਖ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾ ਕੇ ਗੁਰੂ ਦੇ ਲੜ ਲਗਾਇਆ। ਸਿੱਖ ਪੰਥ ਦੀਆਂ ਕਈ ਉੱਘੀਆਂ ਹਸਤੀਆਂ ਮਾਸਟਰ ਤਾਰਾ ਸਿੰਘ, ਭਾਈ ਹਰਿਕਿਸ਼ਨ ਸਿੰਘ, ਮਲਕ ਮੋਹਨ ਸਿੰਘ, ਸਾਬਕਾ ਰਾਜਦੂਤ ਮਲਕ ਹਰਦਿੱਤ ਸਿੰਘ, ਸੰਤ ਤੇਜਾ ਸਿੰਘ ਤੋਂ ਇਲਾਵਾ ਸਿੱਖ ਰਿਆਸਤਾਂ ਦੇ ਅਨੇਕਾਂ ਹੀ ਰਾਜੇ-ਮਹਾਰਾਜਿਆਂ ਨੇ ਵੀ ਸੰਤ ਜੀ ਰਾਹੀਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਛਕਿਆ। ਆਪ ਨੇ ਵਿੱਦਿਅਕ ਖੇਤਰ 'ਚ ਮਹਾਨ ਕਾਰਜ ਕੀਤੇ, ਉਨ੍ਹਾਂ ਜਿੱਥੇ ਮਸਤੂਆਣਾ ਸਾਹਿਬ ਵਿਖੇ ਵਿੱਦਿਅਕ ਅਦਾਰਿਆਂ ਦੀ ਸਥਾਪਨਾ ਕਰਵਾਈ, ਓਥੇ ਨਾਲ ਹੀ ਉਨ੍ਹਾਂ ਦੇ ਅਨਿੰਨ ਸੇਵਕ ਸੰਤ ਤੇਜਾ ਸਿੰਘ ਜੀ ਨੇ ਕਲਗੀਧਰ ਟਰੱਸਟ ਬੜੂ ਸਾਹਿਬ ਦੀ ਸਥਾਪਨਾ ਕੀਤੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਅਨਿੰਨ ਸੇਵਕ ਸੱਚਖੰਡ ਵਾਸੀ ਸ਼੍ਰੋਮਣੀ ਪੰਥ ਰਤਨ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲਿਆਂ ਨੇ ਸੰਤ ਅਤਰ ਸਿੰਘ ਦੇ ਮਿਸ਼ਨ ਨੂੰ ਅੱਗੇ ਤੋਰਿਆ ਤੇ ਹੁਣ ਕਲਗੀਧਰ ਟਰੱਸਟ ਦੇ ਪ੍ਰਧਾਨ ਬਾਬਾ ਡਾ. ਦਵਿੰਦਰ ਸਿੰਘ ਦੀ ਸੁਚੱਜੀ ਅਗਵਾਈ ਹੇਠ ਕਲਗੀਧਰ ਟਰੱਸਟ ਅਧੀਨ 129 ਅਕਾਲ ਅਕੈਡਮੀਆਂ ਚੱਲ ਰਹੀਆਂ ਹਨ। ਬੜੂ ਸਾਹਿਬ ਵਿਖੇ ਇਕ ਚੈਰੀਟੇਬਲ ਹਸਪਤਾਲ, 2 ਨਸ਼ਾ ਛੁਡਾਊ ਕੇਂਦਰ (ਬੜੂ ਸਾਹਿਬ ਤੇ ਚੀਮਾ ਸਾਹਿਬ) ਵਿਖੇ ਚੱਲ ਰਹੇ ਹਨ। ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਸੰਤ ਅਤਰ ਸਿੰਘ ਦੇ 158ਵੇਂ ਜਨਮ ਦਿਹਾੜੇ ਮੌਕੇ ਜਿੱਥੇ 12 ਮਾਰਚ ਤੋਂ 17 ਮਾਰਚ 2024 ਤੱਕ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ 'ਚ ਕਈ ਸੰਤਾਂ-ਮਹਾਂਪੁਰਸ਼, ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਮੁਖੀਆਂ ਤੋਂ ਇਲਾਵਾ ਸਿੰਘ ਸਾਹਿਬਾਨਾਂ ਵੱਲੋਂ ਹਾਜ਼ਰੀ ਭਰੀ ਜਾ ਰਹੀ ਹੈ, ਓਥੇ ਨਾਲ ਹੀ ਗੁਰਦੁਆਰਾ ਨਾਨਕਸਰ ਚੀਮਾ ਸਾਹਿਬ ਵਿਖੇ ਵੀ 15 ਤੋਂ 17 ਮਾਰਚ ਤੱਕ ਸਾਲਾਨਾ ਧਾਰਮਿਕ ਸਮਾਗਮ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਜਨਮ ਅਸਥਾਨ ਚੀਮਾ ਵਿਖੇ 15 ਮਾਰਚ ਨੂੰ ਵਿਸ਼ਾਲ ਨਗਰ ਕੀਰਤਨ ਸਜਾਏ ਜਾਣਗੇ, 16 ਮਾਰਚ ਨੂੰ ਸੰਤ ਸਮਾਗਮ ਕਰਵਾਇਆ ਜਾਵੇਗਾ, 17 ਮਾਰਚ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ ਤੇ ਨਾਲ ਹੀ ਅੰਮ੍ਰਿਤਪਾਨ ਵੀ ਕਰਵਾਇਆ ਜਾਵੇਗਾ।

-ਰਵਿੰਦਰ ਚੀਮਾ

ਜਤਿੰਦਰ ਸਿੰਘ ਸੋਢੀ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਬਣੇ

ਵਰਕਰਾਂ 'ਚ ਖੁਸ਼ੀ ਦੀ ਲਹਿਰ

ਸਰਦੂਲਗੜ੍ਹ (ਅਵਤਾਰ ਜਟਾਣਾ)

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ਅਨੁਸਾਰ ਮਾਨਸਾ ਜ਼ਿਲ੍ਹੇ ਦੇ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਸੋਢੀ ਨੂੰ ਬਣਾਇਆ ਗਿਆ। ਉਨ੍ਹਾ ਦੀ ਇਸ ਨਿਯੁਕਤੀ 'ਤੇ ਪਾਰਟੀ ਵਰਕਰਾਂ 'ਚ ਤੇ ਜ਼ਿਲ੍ਹਾ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਜਤਿੰਦਰ ਸਿੰਘ ਸੋਢੀ ਇਸ ਤੋਂ ਪਹਿਲਾਂ ਹਲਕਾ ਅਬਜ਼ਰਵਰ ਤੇ ਸ਼ਹਿਰ ਦੇ ਪ੍ਰਧਾਨ ਰਹਿ ਚੁੱਕੇ ਹਨ। ਇਹ ਨਿਯੁਕਤੀ ਹੋਣ ਤੋਂ ਬਾਅਦ ਗੱਲਬਾਤ ਦੌਰਾਨ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਪਾਰਟੀ ਨੇ ਜੋ ਮੇਰੇ ਉੱਪਰ ਜ਼ਿੰਮੇਵਾਰੀ ਸੌਂਪੀ ਹੈ, ਮੈਂ ਉਸ ਨੂੰ ਤਨਦੇਹੀ ਨਾਲ ਨਿਭਾਵਾਂਗਾ। ਪਾਰਟੀ ਦੇ ਪ੍ਰਧਾਨ ਸ੍ਰ. ਸੁਖਬੀਰ ਸਿੰਘ ਬਾਦਲ ਵੱਲੋਂ ਜੋ ਵੀ ਦਿਸ਼ਾ ਨਿਰਦੇਸ਼ ਦਿੱਤੇ ਜਾਣਗੇ, ਉਨ੍ਹਾਂ ਨੂੰ ਆਮ ਲੋਕਾਂ ਤੱਕ ਪਹੁੰਚਾਵਾਂਗਾ, ਤਾਂ ਕਿ ਪਾਰਟੀ ਨੂੰ ਹੋਰ ਮਜ਼ਬੂਤੀ ਮਿਲ ਸਕੇ। ਉਨ੍ਹਾਂ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬਲਵਿੰਦਰ ਸਿੰਘ ਭੂੰਦੜ ਸਕੱਤਰ ਜਨਰਲ, ਬੀਬਾ ਹਰਸਿਮਰਤ ਕੌਰ ਬਾਦਲ ਮੈਂਬਰ ਪਾਰਲੀਮੈਂਟ, ਦਿਲਰਾਜ ਸਿੰਘ ਭੂੰਦੜ ਸਾਬਕਾ ਐੱਮ ਐੱਲ ਏ ਸਰਦੂਲਗੜ੍ਹ, ਪ੍ਰੇਮ ਕੁਮਾਰ ਅਰੋੜਾ, ਡਾਕਟਰ ਨਿਸਾਨ ਸਿੰਘ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੁਰਜੀਤ ਸਿੰਘ ਰਾਏਪੁਰ, ਗੁਰਪ੍ਰੀਤ ਸਿੰਘ ਝੱਬਰ, ਸੁਖਦੇਵ ਸਿੰਘ ਚੈਨੇਵਾਲਾ, ਹਨੀਸ ਬਾਂਸਲ, ਦਵਿੰਦਰ ਸਿੰਘ ਚਹਿਲ, ਬਲਦੇਵ ਸਿੰਘ ਮੀਰਪੁਰ, ਤਰਸੇਮ ਚੰਦ ਭੋਲੀ ਤੇ ਹੋਰਨਾਂ ਵਰਕਰਾਂ ਨੇ ਸ੍ਰੀ ਸੋਢੀ ਦੇ ਪ੍ਰਧਾਨ ਬਣਨ 'ਤੇ ਖੁਸ਼ੀ ਪ੍ਰਗਟਾਈ ਤੇ ਜਤਿੰਦਰ ਸੋਢੀ ਨੂੰ ਵਧਾਈਆਂ ਦਿੱਤੀਆਂ।

ਕਾਤਰਾਂ

ਮੁਫਤ ਕੈਂਸਰ ਚੈੱਕਅਪ ਕੈਂਪ ਅੱਜ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਵਰਲਡ ਕੈਂਸਰ ਕੇਅਰ ਇੰਗਲੈਂਡ ਦੇ ਗਲੋਬਲ ਅੰਬੈਸਡਰ ਤੇ ਲੰਬੇ ਸਮੇਂ ਤੋਂ ਕੈਂਸਰ ਦੀ ਰੋਕਥਾਮ ਲਈ ਆਪਣਾ ਯੋਗਦਾਨ ਕਰ ਰਹੇ ਕੁਲਵੰਤ ਸਿੰਘ ਧਾਲੀਵਾਲ ਵੱਲੋਂ ਐੱਸ ਬੀ ਆਈ ਕਾਰਡ ਦਾ ਸਪੌਂਸਰਡ ਕੈਂਸਰ ਕੈਂਪ ਲੌਂਗੋਵਾਲ ਵਿਖੇ 15 ਮਾਰਚ ਨੂੰ ਲਗਾਇਆ ਜਾ ਰਿਹਾ ਹੈ। ਇਸ ਵਿੱਚ ਮਾਹਰ ਡਾਕਟਰਾਂ ਦੀ ਟੀਮ ਮੁਫਤ ਮਰੀਜ਼ਾਂ ਦੀ ਜਾਂਚ ਤੇ ਟੈਸਟ ਕਰੇਗੀ। ਕੈਂਪ ਦੌਰਾਨ ਸ਼ੂਗਰ, ਬਲੱਡ ਪ੍ਰੈਸ਼ਰ, ਔਰਤਾਂ ਦੀ ਛਾਤੀ ਲਈ ਮੈਮੋਗਰਾਫੀ, ਬੱਚੇਦਾਨੀ ਲਈ ਪੈਪ ਸਮੀਰ ਟੈਸਟ, ਗਦੂਦਾਂ ਦੀ ਜਾਂਚ ਲਈ ਪੀਐੱਸਏ ਟੈਸਟ, ਮੂੰਹ, ਗਲੇ ਤੇ ਹੱਡੀਆਂ ਆਦਿ ਦੀ ਜਾਂਚ ਲਈ ਟੈਸਟ ਫਰੀ ਕੀਤੇ ਜਾਣਗੇ।

ਪੰਜਾਬੀ ਸਾਹਿਤ ਸਭਾ ਦਾ ਸਾਲਾਨਾ ਸਮਾਗਮ 17 ਨੂੰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਪੰਜਾਬੀ ਸਾਹਿਤ ਸਭਾ ਸ੍ਰੀ ਮੁਕਤਸਰ ਵੱਲੋਂ 17 ਮਾਰਚ ਨੂੰ ਕਰਵਾਏ ਜਾਣ ਵਾਲੇ ਸਾਲਾਨਾ ਸਾਹਿਤਕ ਸਮਾਗਮ ਦੌਰਾਨ ਪੰਜਾਬੀ ਸਾਹਿਤ ਜਗਤ ਨਾਲ ਜੁੜੀਆਂ ਅਹਿਮ ਸ਼ਖਸੀਅਤਾਂ ਸਨਮਾਨਤ ਕੀਤੀਆਂ ਜਾਣਗੀਆਂ।ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਇਕਵੰਨ ਤੇ ਜਨਰਲ ਸਕੱਤਰ ਕੁਲਵੰਤ ਸਰੋਤਾ ਨੇ ਦੱਸਿਆ ਕਿ ਇਸ ਮੌਕੇ ਲੇਖਕ ਗੁਰਦੇਵ ਸਿੰਘ ਘਾਰੂ ਦਾ ਨਵ-ਪ੍ਰਕਾਸ਼ਤ ਨਾਵਲ ਸਰਾਜੀਤ ਲੋਕ ਅਰਪਣ ਕੀਤਾ ਜਾਵੇਗਾ ਤੇ ਸਾਹਿਤ ਜਗਤ ਦੀਆਂ ਵਿਸ਼ੇਸ਼ ਸ਼ਖਸੀਅਤਾਂ, ਜਿਨ੍ਹਾਂ 'ਚ ਗੁਰਮੀਤ ਸਿੰਘ ਚਮਕ ਯਾਦਗਾਰੀ ਪੁਰਸਕਾਰ ਅਵਾਮੀ ਸ਼ਾਇਰ ਜਗਦੀਸ਼ ਰਾਣਾ ਨੂੰ, ਫੁਲੇਲ ਸਿੰਘ ਫੁੱਲ ਯਾਦਗਾਰੀ ਪੁਰਸਕਾਰ ਸਾਹਿਤਕਾਰ ਗੁਰਕੀਰਤ ਸਿੰਘ ਔਲਖ ਨੂੰ, ਮੋਦਨ ਸਿੰਘ ਲੋਹੀਆ ਯਾਦਗਾਰੀ ਪੁਰਸਕਾਰ ਕਰਮ ਸਿੰਘ ਜ਼ਖ਼ਮੀ ਨੂੰ ਤੇ ਬੋਹੜ ਸਿੰਘ ਮੱਲਣ ਯਾਦਗਾਰੀ ਪੁਰਸਕਾਰ ਮਿੰਨੀ ਕਹਾਣੀਕਾਰ ਪ੍ਰਗਟ ਸਿੰਘ ਜੰਬਰ ਨੂੰ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਪ੍ਰਸਿੱਧ ਲੇਖਕ ਬੂਟਾ ਸਿੰਘ ਚੌਹਾਨ

page-6-15-March.-2024.qxd 3/14/2024 10:48 PM Page 1

ਬਾਬਾ ਰਜਿੰਦਰ ਸਿੰਘ ਬੇਦੀ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਵਿਖੇ ਹੋਏ ਨਤਮਸਤਕ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਸ੍ਰੀ ਚੋਲਾ ਸਾਹਿਬ ਦੇ ਦਰਸਨਾਂ ਲਈ ਜਿੱਥੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੂਰ ਦੁਰਾਡੇ ਤੋਂ ਪਹੁੰਚ ਰਹੀਆਂ ਹਨ। ਉੱਥੇ ਡੇਰਾ ਬਾਬਾ ਨਾਨਕ ਤੋਂ ਉੱਘੇ ਸਮਾਜ ਸੇਵੀ ਤੇ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਐਨ ਆਰ ਆਈ ਬਾਬਾ ਰਜਿੰਦਰ ਸਿੰਘ ਬੇਦੀ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਗੁਰੂ ਘਰ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਮੇਲਾ ਮੁੱਖ ਪ੍ਰਬੰਧਕ ਬਾਬਾ ਅਵਤਾਰ ਸਿੰਘ ਬੇਦੀ ਗੱਦੀ ਨਸ਼ੀਨ ਸ੍ਰੀ ਚੋਲਾ ਸਾਹਿਬ ਵਾਲਿਆਂ ਵੱਲੋਂ ਚੇਅਰਮੈਨ ਬਾਬਾ ਰਜਿੰਦਰ ਸਿੰਘ ਬੇਦੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰਪਾਓ ਸਾਹਿਬ ਅਤੇ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਦੀ ਤਸਵੀਰ ਵਾਲਾ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਅਵਤਾਰ ਸਿੰਘ ਬੇਦੀ ਵੱਲੋਂ ਬਾਬਾ ਰਜਿੰਦਰ ਸਿੰਘ ਬੇਦੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਸ੍ਰੀ ਚੋਲਾ ਸਾਹਿਬ, ਭੈਣ ਨਾਨਕੀ ਦੇ ਹੱਥ ਕਢਾਈ ਕੀਤੇ ਰੁਮਾਲ ਅਤੇ ਸ੍ਰੀ ਚੋਲਾ ਸਾਹਿਬ ਦੇ ਇਤਿਹਾਸ ਸੰਬੰਧੀ ਜਾਣੂ ਕਰਵਾਇਆ ਗਿਆਂ। ਇਸ ਮੌਕੇ ਬਾਬਾ ਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਸਾਨੂੰ ਮਨੁੱਖਾ ਜੀਵਨ ਸਫਲ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਫਲਸਫੇ 'ਤੇ ਚੱਲਦਿਆਂ ਹੋਇਆਂ ਨਾਮ ਜਪਣ, ਵੰਡ ਛਕਣ ਅਤੇ ਕਿਰਤ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸ ਮੌਕੇ ਸੈਕਟਰੀ ਸੁੱਚਾ ਸਿੰਘ ਆਦਿ ਹਾਜ਼ਰ ਸਨ।

ਇਸ਼ਤਿਹਾਰ ਸੰਬੰਧੀ ਖੇਦ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਡਾ. ਰਜਿੰਦਰ ਸ਼ਰਮਾ ਚੰਡੀਗੜ੍ਹ ਵੱਲੋਂ 16 ਅਕਤੂਬਰ 2023 ਨੂੰ ਛਪਵਾਏ ਗਏ ਇਸ਼ਤਿਹਾਰ ਬਾਰੇ ਇਤਰਾਜ਼ ਕਰਦਿਆਂ ਕਿਹਾ ਗਿਆ ਕਿ ਇਸ ਵਿਚ ਬਾਬਾ ਬੰਦਾ ਸਿੰਘ ਜੀ ਬਹਾਦਰ ਬਾਰੇ ਗਲਤ ਜਾਣਕਾਰੀ ਦਿੱਤੀ ਗਈ ਹੈ ਅਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਅੰਮ੍ਰਿਤਸਰ ਦੀ ਸੰਗਤ ਵਿਚ ਸ਼ਹੀਦੀ ਪ੍ਰਾਪਤ ਕਰਨ ਵਾਲੇ ਭੱਟ ਸਾਹਿਬਾਨ ਅਤੇ ਬੰਦਾ ਸਿੰਘ ਬਹਾਦਰ ਨੂੰ ਬ੍ਰਾਹਮਣ ਵੰਸ਼ ਨਾਲ ਜੋੜ ਕੇ ਸਨਾਤਨੀ ਧਰਮ ਦੇ ਦੱਸਿਆ ਗਿਆ, ਜੋ ਕਿ ਅਪ੍ਰਮਾਣਿਕ ਤੱਥਾਂ ਦੇ ਅਧਾਰ 'ਤੇ ਕੋਝੀ ਸ਼ਾਜ਼ਿਸ਼ ਅਧੀਨ ਲਿਖ ਕੇ ਅਖਬਾਰਾਂ ਰਾਹੀਂ ਪ੍ਰਚਾਰਿਆ ਜਾ ਰਿਹਾ ਹੈ। ਜਿਸ ਦੇ ਪ੍ਰਕਾਸ਼ਿਤ ਹੋਣ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ।

ਅਦਾਰਾ ਇਸ ਇਸ਼ਤਿਹਾਰ ਦੇ ਛਾਪੇ ਜਾਣ ਬਾਰੇ ਖੇਦ ਪ੍ਰਗਟ ਕਰਦਾ ਹੈ।

ਜਨਤਕ ਸੂਚਨਾ

ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਅਤੇ ਇਤਰਾਜ਼ ਪ੍ਰਾਪਤ ਕਰਨ ਲਈ ਸੂਚਿਤ ਕੀਤਾ ਜਾ ਰਿਹਾ ਹੈ, ਜੇ ਆਮ ਪਬਲਿਕ ਨੂੰ ਹੋਵੇ ਕਿ ਸਾਡਾ ਮੁਅੱਕਲ ਕੁਲਵੰਤ ਸਿੰਘ ਪੁੱਤਰ ਸ. ਬਲਕਾਰ ਸਿੰਘ ਵਾਸੀ ਮਕਾਨ ਨੰਬਰ 9, ਗਲੀ ਨੰਬਰ 7, ਡੀ-ਬਲਾਕ, ਫਰੈਂਡ ਐਵੀਨਿਊ, ਅਜਨਾਲਾ ਰੋਡ, ਅੰਮ੍ਰਿਤਸਰ ਨੂੰ ਐਲ.ਆਈ.ਸੀ. ਹਾਊਸਿੰਗ ਫਾਈਨਾਂਸ ਲਿ: ਏਰੀਆ ਦਫਤਰ ਅੰਮ੍ਰਿਤਸਰ ਨੂੰ ਮਕਾਨ ਬਨਾਉਣ ਲਈ ਕਰਜ਼ਾ ਮਨਜ਼ੂਰ ਕੀਤਾ ਗਿਆ ਹੈ ਅਤੇ ਮਾਲਕ ਸ੍ਰੀਮਤੀ ਮਨਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਮਕਾਨ ਨੰਬਰ 9, ਗਲੀ ਨੰਬਰ 7, ਡੀ-ਬਲਾਕ, ਫਰੈਂਡ ਐਵੀਨਿਊ, ਅਜਨਾਲਾ ਰੋਡ, ਅੰਮ੍ਰਿਤਸਰ ਜਾਇਦਾਦ ਦੀ ਮਾਲਕ ਇਕ ਮਕਾਨ ਜਿਸ ਦਾ ਪ੍ਰਾਈਵੇਟ ਨੰਬਰ 9, ਜਿਸ ਦੀ ਲੰਬਾਈ 45 ਫੁੱਟ ਚੌੜਾਈ20 ਫੁੱਟ ਕੁਲ 100 ਵਰਗ ਗਜ਼ ਜਿਸ ਦੀ ਹੱਦਬੰਦੀ ਇਸ ਤਰ੍ਹਾਂ ਹੈ ਚਤੁਦੇ-ਪਲਾਟ ਨੰਬਰ 8 ਲਹਿੰਦੇ-ਪਲਾਟ ਨੰਬਰ 10, ਉਤਰ-ਗਲੀ 18 ਫੁੱਟ, ਦੱਖਣ-ਮਾਲਕੀ ਦੂਜਿਆਂ ਦੀ ਖਸਰਾ ਨੰਬਰ 30//5/1, ਮੌਜ਼ੇ ਵਾਕਿਆ ਰਕਬਾ ਪਿੰਡ ਖੋਰਾਬਾਦ, ਤਹਿਸੀਲ ਅਤੇ ਜਿਲ੍ਹਾ ਅੰਮ੍ਰਿਤਸਰ ਹਾਂ। ਸੂਚਿਤ ਕੀਤਾ ਜਾਂਦਾ ਹੈ ਕਿ ਪੁਰਾਣੀਆਂ ਰਜਿਸਟਰੀਆਂ ਜਿਹੜੀਆਂ ਕਿ ਮਿਤੀ 28-02-2024 ਨੂੰ ਗੁਆਚ ਗਈਆਂ ਸਨ ਜਿਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ। 1) ਅਸਲ ਪੁਰਾਣੀਆਂ ਰਜਿਸਟਰੀਆਂ ਵਸੀਕਾ ਨੰ: 1974 ਮਿਤੀ 12-5-2010 ਅਤੇ ਵਸੀਕਾ ਨੰ: 2545 ਮਿਤੀ 6-5-2013 ਅਤੇ ਵਸੀਕਾ ਨੰ: 1253 ਮਿਤੀ 28-4-2015 ਗੁਆਚ ਗਈਆਂ ਸਨ ਅਤੇ ਇਸ ਸਬੰਧ ਵਿੱਚ ਡੀ.ਡੀ.ਆਰ. ਨੰਬਰ 029 ਮਿਤੀ 11-03-2024 ਰਜਿਸਟਰਡ ਪੀ.ਐਸ. ਮਜੀਠਾ ਰੋਡ, ਅੰਮ੍ਰਿਤਸਰ ਵਿੱਚ ਰਜਿਸਟਰਡ ਹੈ ਜੇਕਰ ਕੋਈ ਵਿਅਕਤੀ ਕੋਈ ਕਲੇਮ, ਹੱਕ, ਜਾਂ ਰੁਚੀ ਉਪਰੋਕਤ ਜਾਇਦਾਦ ਵਿੱਚ ਰੁਚੀ ਰਖਦਾ ਹੈ ਕਿਸੇ ਵੀ ਤਰੀਕੇ ਸੇਲ, ਗਿਫਟ, ਲੀਜ਼, ਉਤਰਾ ਅਧਿਕਾਰ, ਤਬਦੀਲੀ ਰਹਿਣ, ਚਾਰਜ ਲੀਅਨ, ਟਰੱਸਟ ਪੁਜੀਸ਼ਨ ਅਟੈਚਮੈਂਟ ਜਾਂ ਹੋਰ ਕਿਸੇ ਵੀ ਤਰ੍ਹਾਂ ਨਾਲ ਰੱਖਦਾ ਹੋਵੇ, ਤਾਂ ਉਹ ਨਿਮਨ ਹਸਤਾਖਰੀ ਦੇ ਪਿਆਨ ਵਿੱਚ ਲਿਖਤੀ ਤੌਰ ਤੇ ਅਤੇ ਸਬੂਤ ਦਸਤਾਵੇਜ ਗਵਾਹੀ ਨਾਲ ਇਸ ਨੋਟਿਸ ਦੇ ਜਾਰੀ ਹੋਣ ਦੀ ਤਾਰੀਖ ਤੋਂ 15 ਦਿਨਾਂ ਦੇ ਅੰਦਰ ਅੰਦਰ ਲਿਆਵੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੇਕਰ ਕੋਈ ਕਲੇਮ ਹੋਵੇਗਾ ਤਾਂ ਉਸ ਨੂੰ ਵਿਚਾਰਿਆ ਨਹੀਂ ਜਾਵੇਗਾ ਅਤੇ ਇਹ ਸਮਝਿਆ ਜਾਵੇਗਾ ਕਿ ਕੋਈ ਵਿਅਕਤੀ ਕਲੇਮ ਨਹੀਂ ਕਰ ਰਿਹਾ ਅਤੇ ਸਾਡਾ ਮੁਅੱਕਲ ਜਾਂ ਉਹਨਾਂ ਦੇ ਵਾਰਸ ਨੋਮਨੀ ਕਿਸੇ ਵੀ ਤਰੀਕੇ ਪਾਬੰਦ ਨਹੀਂ ਹੋਣਗੇ।

ਜੇ.ਕੇ. ਸਿੰਘ (ਐਡਵੋਕੇਟ)
ਚੈਂਬਰ ਨੰ. 110-ਬੀ, ਜ਼ਿਲ੍ਹਾ ਕਚਿਹਿਰੀ, ਅੰਮ੍ਰਿਤਸਰ।
ਫੋਨ : 98886-73911

ਜਨਤਕ ਨੋਟਿਸ

ਸਨਮੁੱਖ ਰਜਿਸਟਰਾਰ ਆਫ ਕੰਪਨੀਜ਼, ਪੰਜਾਬ

ਸੀਮਿਤ ਦੇਣਦਾਰੀ ਭਾਈਵਾਲੀ ਐਕਟ, 2008 ਦੇ ਸੈਕਸ਼ਨ 13 (3) ਦੇ ਮਾਮਲੇ 'ਚ ਅਤੇ

ਰੀਅਲਕਾਨ ਰੈਜ਼ੀਡੈਂਸੀ ਐੱਲ ਐੱਲ ਪੀ ਦੇ ਮਾਮਲੇ 'ਚ, ਜਿਸ ਦਾ ਰਜਿਸਟਰਡ ਦਫਤਰ 378, ਐੱਮ ਐੱਮ ਐੱਮ ਰੋਡ, ਅੰਮ੍ਰਿਤਸਰ ਪੰਜਾਬ-143001 ਵਿਖੇ ਹੈ। ... ਬਿਨੈਕਾਰ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਰੀਅਲਕਾਨ ਰੈਜ਼ੀਡੈਂਸੀ ਐੱਲ ਐੱਲ ਪੀ ਦੇ ਮਨੋਨੀਤ ਭਾਈਵਾਲਾਂ ਦੀ ਵੀਰਵਾਰ 14.03.2024 ਨੂੰ ਹੋਈ ਮੀਟਿੰਗ ਦੌਰਾਨ ਐੱਲ ਐੱਲ ਪੀ ਦਾ ਰਜਿਸਟਰਡ ਦਫਤਰ ਪੰਜਾਬ ਸੂਬੇ ਤੋਂ ਗੋਆ, ਜੋ ਕਿ 378, ਐੱਮ ਐੱਮ ਐੱਮ ਰੋਡ, ਅੰਮ੍ਰਿਤਸਰ, ਪੰਜਾਬ 143001 ਤੋਂ ਦਫਤਰ ਨੰ. 52, ਪੰਜਵੀਂ ਮੰਜ਼ਲ, ਟੀਟੇਨੀਅਮ ਬਿਲਡਿੰਗ, ਮਪੂਸਾ, ਬਰਡੇਜ਼, ਗੋਆ 403001 ਵਿਖੇ ਤਬਦੀਲ ਕਰਨ ਸੰਬੰਧੀ ਐੱਲ ਐੱਲ ਪੀ ਐਕਟ 2008 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (3) ਤਹਿਤ ਮਤਾ ਪਾਸ ਕੀਤਾ ਜਾ ਚੁੱਕਾ ਹੈ।

ਐੱਲ ਐੱਲ ਪੀ ਦੇ ਰਜਿਸਟਰਡ ਦਫਤਰ ਦੀ ਤਜਵੀਜ਼ਤ ਤਬਦੀਲੀ ਕਾਰਨ ਜੇਕਰ ਕਿਸੇ ਵਿਅਕਤੀ ਦੇ ਹਿੱਤ ਪ੍ਰਭਾਵਿਤ ਹੁੰਦੇ ਹਨ ਜਾਂ ਹੋ ਸਕਦੇ ਹਨ ਤਾਂ ਉਹ ਹਿੱਤਾਂ ਦੀ ਕਿਸਮ ਅਤੇ ਵਿਰੋਧ ਹਲਫੀਆ ਬਿਆਨ ਦੇ ਨਾਲ ਕੰਪਨੀਜ਼ ਰਜਿਸਟਰਾਰ, ਪਹਿਲੀ ਮੰਜ਼ਲ, ਕਾਰਪੋਰੇਟ ਭਵਨ, ਪਲਾਟ ਨੰ. 4 ਬੀ ਸੈਕਟਰ 27-ਬੀ, ਚੰਡੀਗੜ੍ਹ 160019 ਅਤੇ ਹੇਠਾਂ ਦਰਸਾਏ ਪਤੇ 'ਤੇ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 14 ਦਿਨਾਂ ਦੇ ਅੰਦਰ ਅਰਜ਼ੀ ਦੇ ਵਿਰੋਧ ਦਾ ਕਾਰਨ ਅਤੇ ਹਿੱਤਾਂ ਦੀ ਕਿਸਮ ਨਾਲ ਰਜਿਸਟਰਡ ਡਾਕ ਰਾਹੀਂ ਭੇਜ ਸਕਦਾ ਹੈ।

ਰਜਿਸਟਰਡ ਦਫਤਰ : 378, ਐੱਮ ਐੱਮ ਐੱਮ ਰੋਡ, ਅੰਮ੍ਰਿਤਸਰ, ਪੰਜਾਬ-143001

ਵਾਸਤੇ ਅਤੇ ਤਰਫੋਂ
ਰੀਅਲਕਾਨ ਰੈਜ਼ੀਡੈਂਸੀ ਐੱਲ ਐੱਲ ਪੀ
ਸਹੀ/-
ਵਰੁਣ ਨਾਰਾਪਾਲ
ਮਨੋਨੀਤ ਭਾਈਵਾਲ
ਡੀ ਪੀ ਆਈ ਐੱਨ : 02741604
ਪਤਾ : 97 ਬੀ, ਮਾਣਕ ਸ਼ਾਹ ਰੋਡ, ਅਨੂਪਮ ਗਾਰਡਨ, ਮੈਦਾਨ ਗੜ੍ਹੀ, ਦਿੱਲੀ-110068
ਮਿਤੀ : 14.03.2024
ਸਥਾਨ : ਪੰਜਾਬ

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਬਲਬੀਰ ਰਾਜ ਸਿੰਘ, ਪੀ. ਸੀ. ਐੱਸ. ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਆਦਮਪੁਰ।

ਪਾਰਟੀਸ਼ਨ ਅਪੀਲ ਕੇਸ ਨੰਬਰ 29/ਅਪੀਲਜ਼/2023

ਅਲਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ, ਵਾਸੀ ਪਿੰਡ ਕੋਟਲੀ ਅਰਾਈਆਂ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ ਰਾਹੀਂ ਅਟਾਰਨੀ ਅਮਰਜੀਤ ਸਿੰਘ ਡੀ. ਆਈ. ਜੀ. ਪੁੱਤਰ ਪਿਆਰਾ ਸਿੰਘ ਵਾਸੀ ਲਾਭ ਸਿੰਘ ਨਗਰ, ਡਗਾਣਾ ਰੋਡ ਹੁਸ਼ਿਆਰਪੁਰ।

(ਅਪੀਲ ਕਰਤਾ)

ਬਨਾਮ

1. ਅਜੀਤ ਸਿੰਘ ਪੁੱਤਰ ਚੰਨਣ ਸਿੰਘ, 2. ਉਂਕਾਰ ਸਿੰਘ ਪੁੱਤਰ ਤੇਜਾ ਸਿੰਘ, 3. ਕੁਲਤਾਰ ਸਿੰਘ ਪੁੱਤਰ ਮੇਹਰ ਸਿੰਘ, 4. ਜਸਪਾਲ ਸਿੰਘ ਪੁੱਤਰ ਅਵਤਾਰ ਸਿੰਘ, 5. ਬਲਦੇਵ ਸਿੰਘ ਪੁੱਤਰ ਮੇਹਰ ਸਿੰਘ, 6 ਗਿਆਨ ਕੌਰ ਪਤਨੀ ਕੁਲਤਾਰ ਸਿੰਘ, 7. ਸਵਰਨ ਸਿੰਘ ਪੁੱਤਰ ਸੁਰਜਨ ਸਿੰਘ, 8. ਦਲਜੀਤ ਸਿੰਘ ਪੁੱਤਰ ਬਲਦੇਵ ਸਿੰਘ, 9. ਗੁਰਦੀਪ ਸਿੰਘ ਪੁੱਤਰ ਕੁਲਤਾਰ ਸਿੰਘ, 10. ਅਜੀਤ ਕੌਰ ਪਤਨੀ ਸੁਰਿੰਦਰ ਸਿੰਘ, 11. ਮਨਧੀਰ ਸਿੰਘ ਪੁੱਤਰ ਅਜੀਤ ਸਿੰਘ, 12. ਸੁਖਦੇਵ ਸਿੰਘ ਪੁੱਤਰ ਮੇਹਰ ਸਿੰਘ, 13. ਦਰਸ਼ਨ ਸਿੰਘ ਪੁੱਤਰ ਚੰਨਣ ਸਿੰਘ, 14. ਸ਼ੇਰ ਸਿੰਘ ਪੁੱਤਰ ਪਾਲ ਸਿੰਘ, ਸਾਰੇ ਵਾਸੀਆਨ ਪਿੰਡ ਕੋਟਲੀ ਅਰਾਈਆਂ, ਸਬ-ਤਹਿਸੀਲ ਭੋਗਪੁਰ, ਜ਼ਿਲ੍ਹਾ ਜਲੰਧਰ। (ਉੱਤਰਵਾਦੀ)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਰਿਸਪਾਡੈਂਟ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 02.04.2024 ਦੀ ਤਾਰੀਖ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਰਿਸਪਾਡੈਂਟ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਤਾਰੀਖ 'ਤੇ ਆਪ ਜਾਂ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਣ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 11.03.2024 ਨੂੰ ਮੇਰੇ ਹਸਤਾਖਰ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਸਹੀ/- (ਹਸਤਾਖਰ ਹਾਕਮ ਤੇ ਮੋਹਰ ਅਦਾਲਤ)

ਜਨਤਕ ਨੋਟਿਸ

ਸਨਮੁੱਖ ਰਜਿਸਟਰਾਰ ਆਫ ਕੰਪਨੀਜ਼, ਪੰਜਾਬ

ਸੀਮਿਤ ਦੇਣਦਾਰੀ ਭਾਈਵਾਲੀ ਐਕਟ, 2008 ਦੇ ਸੈਕਸ਼ਨ 13 (3) ਦੇ ਮਾਮਲੇ 'ਚ ਅਤੇ

ਵਿਆਨਾਰ ਇਨਫਰਾ ਐੱਲ ਐੱਲ ਪੀ ਦੇ ਮਾਮਲੇ 'ਚ, ਜਿਸ ਦਾ ਰਜਿਸਟਰਡ ਦਫਤਰ 378, ਐੱਮ ਐੱਮ ਐੱਮ ਰੋਡ, ਅੰਮ੍ਰਿਤਸਰ ਪੰਜਾਬ-143001 ਵਿਖੇ ਹੈ। ... ਬਿਨੈਕਾਰ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਵਿਆਨਾਰ ਇਨਫਰਾ ਐੱਲ ਐੱਲ ਪੀ ਦੇ ਮਨੋਨੀਤ ਭਾਈਵਾਲਾਂ ਦੀ ਵੀਰਵਾਰ 14.03.2024 ਨੂੰ ਹੋਈ ਮੀਟਿੰਗ ਦੌਰਾਨ ਐੱਲ ਐੱਲ ਪੀ ਦਾ ਰਜਿਸਟਰਡ ਦਫਤਰ ਪੰਜਾਬ ਸੂਬੇ ਤੋਂ ਗੋਆ, ਜੋ ਕਿ 378, ਐੱਮ ਐੱਮ ਐੱਮ ਰੋਡ, ਅੰਮ੍ਰਿਤਸਰ, ਪੰਜਾਬ 143001 ਤੋਂ ਦਫਤਰ ਨੰ. 58, ਪੰਜਵੀਂ ਮੰਜ਼ਲ, ਟੀਟੇਨੀਅਮ ਬਿਲਡਿੰਗ, ਮਪੂਸਾ, ਬਰਡੇਜ਼, ਗੋਆ 403001 ਵਿਖੇ ਤਬਦੀਲ ਕਰਨ ਸੰਬੰਧੀ ਐੱਲ ਐੱਲ ਪੀ ਐਕਟ 2008 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (3) ਤਹਿਤ ਮਤਾ ਪਾਸ ਕੀਤਾ ਜਾ ਚੁੱਕਾ ਹੈ।

ਐੱਲ ਐੱਲ ਪੀ ਦੇ ਰਜਿਸਟਰਡ ਦਫਤਰ ਦੀ ਤਜਵੀਜ਼ਤ ਤਬਦੀਲੀ ਕਾਰਨ ਜੇਕਰ ਕਿਸੇ ਵਿਅਕਤੀ ਦੇ ਹਿੱਤ ਪ੍ਰਭਾਵਿਤ ਹੁੰਦੇ ਹਨ ਜਾਂ ਹੋ ਸਕਦੇ ਹਨ ਤਾਂ ਉਹ ਹਿੱਤਾਂ ਦੀ ਕਿਸਮ ਅਤੇ ਵਿਰੋਧ ਹਲਫੀਆ ਬਿਆਨ ਦੇ ਨਾਲ ਕੰਪਨੀਜ਼ ਰਜਿਸਟਰਾਰ, ਪਹਿਲੀ ਮੰਜ਼ਲ, ਕਾਰਪੋਰੇਟ ਭਵਨ, ਪਲਾਟ ਨੰ. 4 ਬੀ ਸੈਕਟਰ 27-ਬੀ, ਚੰਡੀਗੜ੍ਹ 160019 ਅਤੇ ਹੇਠਾਂ ਦਰਸਾਏ ਪਤੇ 'ਤੇ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 14 ਦਿਨਾਂ ਦੇ ਅੰਦਰ ਅਰਜ਼ੀ ਦੇ ਵਿਰੋਧ ਦਾ ਕਾਰਨ ਅਤੇ ਹਿੱਤਾਂ ਦੀ ਕਿਸਮ ਨਾਲ ਰਜਿਸਟਰਡ ਡਾਕ ਰਾਹੀਂ ਭੇਜ ਸਕਦਾ ਹੈ।

ਰਜਿਸਟਰਡ ਦਫਤਰ : 378, ਐੱਮ ਐੱਮ ਐੱਮ ਰੋਡ, ਅੰਮ੍ਰਿਤਸਰ, ਪੰਜਾਬ-143001

ਵਾਸਤੇ ਅਤੇ ਤਰਫੋਂ
ਵਿਆਨਾਰ ਇਨਫਰਾ ਐੱਲ ਐੱਲ ਪੀ
ਸਹੀ/-
ਵਰੁਣ ਨਾਰਾਪਾਲ
ਮਨੋਨੀਤ ਭਾਈਵਾਲ
ਡੀ ਪੀ ਆਈ ਐੱਨ : 02741604
ਪਤਾ : 97 ਬੀ, ਮਾਣਕ ਸ਼ਾਹ ਰੋਡ, ਅਨੂਪਮ ਗਾਰਡਨ, ਮੈਦਾਨ ਗੜ੍ਹੀ, ਦਿੱਲੀ-110068
ਮਿਤੀ : 14.03.2024
ਸਥਾਨ : ਪੰਜਾਬ

ਸਮਾਪਤੀ ਨੋਟਿਸ

ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਜ਼ੀਰਾ ਵੱਲੋਂ ਹੇਠ ਲਿਖੀਆਂ ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਨੂੰ ਸਮਾਪਤੀ ਅਧੀਨ ਲਿਆ ਕੇ ਨਿਮਨਹਸਤਾਖਰ ਨੂੰ ਸਮਾਪਤਕਾਰ ਨਿਯੁਕਤ ਕੀਤਾ ਹੈ। ਸਭਾਵਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਦੀ ਕਿੱਲੀ ਗੁੱਦਾ ਦੁੱਧ ਉਤਪਾਦਕ, 2. ਦੀ ਪੱਲੂਵਾਲਾ ਦੁੱਧ ਉਤਪਾਦਕ, 3. ਦੀ ਅਮੀਵਾਲਾ ਦੁੱਧ ਉਤਪਾਦਕ, 4. ਦੀ ਸੂਦਾਂ ਦੁੱਧ ਉਤਪਾਦਕ, 5. ਦੀ ਮੋਹਕਮ ਅਰਾਈਆਂ ਦੁੱਧ ਉਤਪਾਦਕ, 6. ਦੀ ਲਾਲੂਵਾਲਾ ਦੁੱਧ ਉਤਪਾਦਕ, 7. ਦੀ ਬੁਰਜ ਮੁਹੰਮਦ ਦੁੱਧ ਉਤਪਾਦਕ, 8. ਦੀ ਮਨੂੰ ਮਾਛੀ ਦੁੱਧ ਉਤਪਾਦਕ, 9. ਦੀ ਪੀਰ ਮੁਹੰਮਦ ਦੁੱਧ ਉਤਪਾਦਕ, 10. ਦੀ ਲਹਿਰਾ ਬੇਟ ਦੁੱਧ ਉਤਪਾਦਕ, 11. ਦੀ ਟਿੱਬੀ ਅਰਾਈਆਂ ਦੁੱਧ ਉਤਪਾਦਕ, 12. ਦੀ ਲੱਲੇ ਦੁੱਧ ਉਤਪਾਦਕ, 13. ਦੀ ਕਿੱਲੀ ਬੋਦਲਾਂ ਦੁੱਧ ਉਤਪਾਦਕ, 14. ਦੀ ਚੱਕ ਮਰਹਾਣਾ ਦੁੱਧ ਉਤਪਾਦਕ, 15. ਦੀ ਮਰਹਾਣਾ ਦੁੱਧ ਉਤਪਾਦਕ, 16. ਦੀ ਸੀਹਾਂਪਾੜੀ ਦੁੱਧ ਉਤਪਾਦਕ, 17. ਦੀ ਚੱਬਾ ਦੁੱਧ ਉਤਪਾਦਕ, 18. ਦੀ ਨੰਰੰਗ ਸਿੰਘ ਵਾਲਾ ਦੁੱਧ ਉਤਪਾਦਕ, 19. ਦੀ ਸਦਰਵਾਲਾ ਦੁੱਧ ਉਤਪਾਦਕ, 20. ਦੀ ਘੁੱਦੂਵਾਲਾ ਦੁੱਧ ਉਤਪਾਦਕ, 21. ਦੀ ਠੱਠਾ ਕਿਸ਼ਨ ਸਿੰਘ ਦੁੱਧ ਉਤਪਾਦਕ।

ਸੋ ਇਸ ਕਰਕੇ ਸਭਾ ਦੇ ਮੈਂਬਰਾਂ, ਸਭਾ ਦੇ Creditor ਜਾਂ ਸਭਾ ਦੇ ਵੱਲ ਜਿਨ੍ਹਾਂ ਦਾ ਵੀ ਕੋਈ ਕਲੇਮ ਹੈ, ਉਹ ਨਿਮਨਹਸਤਾਖਰ ਨੂੰ ਇਕ

15-MAR-PAGE-7.qxd 3/14/2024 10:41 PM Page 1

ਸੀ ਪੀ ਆਈ ਤੇ ਜਨਤਕ ਜਥੇਬੰਦੀਆਂ ਵੱਲੋਂ 18 ਨੂੰ ਐੱਸ ਐੱਚ ਓ ਦਾ ਪੁਤਲਾ ਫੂਕਣ ਦਾ ਐਲਾਨ

ਫਾਜ਼ਿਲਕਾ (ਕ੍ਰਿਸ਼ਨ ਸਿੰਘ)

ਸੀਪੀਆਈ ਤੇ ਜਨਤਕ ਜਥੇਬੰਦੀਆਂ ਨੇ ਐੱਸ ਐੱਚ ਓ ਥਾਣਾ ਸਦਰ ਫ਼ਾਜ਼ਿਲਕਾ ਦਾ ਪੁਤਲਾ ਫੂਕਣ ਦਾ ਐਲਾਨ ਕੀਤਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਸ਼ੁਬੇਗ ਝੰਗੜ ਭੈਣੀ ਤੇ ਕੁਲਦੀਪ ਬਖੂਸ਼ਾਹ ਨੇ ਕਿਹਾ ਕਿ ਪਿੰਡ ਵੱਡਾ ਮੰਬੇਕਾਂ ਦੇ ਰਾਜ ਸਿੰਘ ਪੁੱਤਰ ਜਸਵੰਤ ਸਿੰਘ ਦੇ ਮਾਮਲੇ ਦੇ ਸਬੰਧ ਵਿੱਚ ਅਸੀਂ ਐੱਸ ਐੱਚ ਓ ਰੁਪਿੰਦਰਪਾਲ ਸਿੰਘ ਥਾਣਾ ਸਦਰ ਫਾਜ਼ਿਲਕਾ ਨੂੰ ਮਿਲਣ ਗਏ।ਇਸ ਦੌਰਾਨ ਉਨ੍ਹਾਂ ਨਾਲ ਬਹੁਤ ਹੀ ਦੁਰਵਿਹਾਰ ਤੇ ਭੱਦੀ ਸ਼ਬਦਾਵਲੀ ਵਰਤੀ ਗਈ, ਜੋ ਬਰਦਾਸ਼ ਕਰਨ ਯੋਗ ਨਹੀਂ ਹੈ।ਉਨ੍ਹਾਂ ਕਿਹਾ ਕਿ ਉਹ ਆਮ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਹਨ।ਸ਼ੁਬੇਗ ਝੰਗੜ ਭੈਣੀ ਬਲਾਕ ਸੰਮਤੀ ਮੈਂਬਰ ਹਨ ਤੇ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਸਕੱਤਰ ਵੀ ਹਨ।

ਉਨ੍ਹਾਂ ਕਿਹਾ ਕਿ ਮੈਂ ਆਪਣੀ ਪਾਰਟੀ ਤੇ ਆਪਣੇ ਸੰਗਠਨ ਦੇ ਸੀਨੀਅਰ ਆਗੂਆਂ ਨਾਲ ਇਸ ਗੱਲਬਾਤ ਬਾਰੇ ਚਰਚਾ ਕੀਤੀ ਗਈ, ਜਿਸ ਤੋਂ ਬਾਅਦ 18 ਮਾਰਚ ਨੂੰ ਥਾਣਾ ਸਦਰ ਫਾਜ਼ਿਲਕਾ ਦਾ ਘਿਰਾਓ ਕਰਨ ਤੋਂ ਬਾਅਦ ਐੱਸ ਐੱਚ ਓ ਦਾ ਪੁਤਲਾ ਫੂਕ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ, ਸਰਬ ਭਾਰਤ ਵਿਦਿਆਰਥੀ ਸਭਾ, ਕੁੱਲ ਹਿੰਦ ਕਿਸਾਨ ਸਭਾ ਤੇ ਸੀ ਪੀ ਆਈ ਪਾਰਟੀ ਇਸ ਗੱਲ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।

ਉਨ੍ਹਾਂ ਕਿਹਾ ਕਿ ਥਾਣਾ ਸਦਰ ਫਾਜ਼ਿਲਕਾ ਦੇ ਐੱਸ ਐੱਚ ਓ ਵੱਲੋਂ ਦੁਰਵਿਹਾਰ ਤੇ ਭੱਦੀ ਸ਼ਬਦਾਵਲੀ ਦਾ ਪ੍ਰਯੋਗ ਕਰਨਾ ਬਹੁਤ ਗਲਤ ਹੈ।ਐੱਸ ਐੱਚ ਓ ਵੱਲੋਂ ਇਲਾਕੇ ਦੇ ਸਾਫ਼ ਤੇ ਇਮਾਨਦਾਰ ਸ਼ਵੀ ਦੇ ਆਗੂ ਨਾਲ ਦੁਰ ਵਿਵਹਾਰ ਕਰਨਾ ਬਰਦਾਸ਼ਤ ਤੋਂ ਬਾਹਰ ਹੈ। ਉਨ੍ਹਾਂ ਕਿਹਾ ਕਿ ਜਿਸ ਮਸਲੇ ਨੂੰ ਲੈ ਕੇ ਉਹ ਥਾਣਾ ਸਦਰ ਫਾਜ਼ਿਲਕਾ ਦੇ ਐੱਸ ਐੱਚ ਓ ਕੋਲ ਗਏ ਸਨ, ਉਹ ਮਾਮਲਾ ਲਗਭਗ 10-11 ਦਿਨ ਪਹਿਲਾਂ ਦਾ ਪਿੰਡ ਮੋਜਮ ਦਾ ਹੈ, ਜਿਸ ਵਿੱਚ ਇੱਕ ਧਿਰ ਵੱਲੋਂ ਰਾਜ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਵੱਡਾ ਮੁਬੇਕਾਂ ਦੇ ਉੱਪਰ ਤੇ ਉਸ ਦੇ ਇਕ ਹੋਰ ਸਾਥੀ ਉਪਰ ਜਾਨਲੇਵਾ ਹਮਲਾ ਕੀਤਾ ਗਿਆ ਸੀ, ਜਿਸ ਵਿੱਚ ਰਾਜ ਸਿੰਘ ਦੀ ਮੋਜਮ ਪਿੰਡ ਦੀ ਧਿਰ ਵੱਲੋਂ ਇੱਕ ਲੱਤ ਤੋੜ ਦਿੱਤੀ ਗਈ ਤੇ ਸਿਰ ਵਿੱਚ ਕਾਪੇ ਦੇ ਕਈ ਵਾਰ ਕੀਤੇ ਗਏ ਸੀ, ਜਿਸ ਨਾਲ ਰਾਜ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਕਰਕੇ ਪਿੰਡ ਮੋਜਮ ਹੀ ਸੁੱਟ ਦਿੱਤਾ ਗਿਆ ਸੀ, ਜਿਸ ਨੂੰ ਪਿੰਡ ਮੋਜਮ ਦੇ ਹੀ ਲੋਕਾਂ ਨੇ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਪਹੁੰਚਾਇਆ।ਇਸ ਤੋਂ ਬਾਅਦ ਉਸ ਦੀ ਹਾਲਤ ਗੰਭੀਰ ਹੋਣ ਕਾਰਨ ਸਿਵਲ ਹਸਪਤਾਲ ਫਾਜ਼ਿਲਕਾ ਦੇ ਡਾਕਟਰਾਂ ਵੱਲੋਂ ਉਸ ਨੂੰ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ ਸੀ।ਇਸ ਤੋਂ ਬਾਅਦ ਵੀ ਰਾਜ ਸਿੰਘ ਦੇ ਬਿਆਨ ਦਰਜ ਹੋਣ ਦੇ ਬਾਵਜੂਦ ਕੋਈ ਬਣਦੀ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ ਹੈ ਤੇ ਉਲਟਾ ਪੰਜਾਬ ਪੁਲਿਸ ਵੱਲੋਂ ਦੋਸ਼ੀ ਧਿਰ ਨਾਲ ਮਿਲੀਭੁਗਤ ਕਰਕੇ ਧੱਕੇ ਨਾਲ ਰਾਜ਼ੀਨਾਮਾ ਕਰਨ ਲਈ ਦਬਾਅ ਬਣਾਇਆ ਜਾ ਰਿਹਾ ਹੈ।

ਪ੍ਰਸ਼ਾਸਨ ਦੀ ਅਣਗਹਿਲੀ ਦਾ ਸ਼ਿਕਾਰ ਸਿਵਲ ਹਸਪਤਾਲ ਵੰਡ ਰਿਹਾ ਬਿਮਾਰੀਆਂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਆਮ ਆਦਮੀ ਪਾਰਟੀ ਦੀ ਸਰਕਾਰ ਸਿਹਤ ਸਿੱਖਿਆ ਨੂੰ ਮੁੱਖ ਰੱਖਦਿਆਂ ਹੋਂਦ ਵਿੱਚ ਆਈ, ਪਰ ਪ੍ਰਸ਼ਾਸਨ ਸਰਕਾਰ ਦੇ ਹੁਕਮਾਂ ਨੂੰ ਟਿੱਚ ਜਾਣਦਾ ਹੈ। ਸੰਯੁਕਤ ਸਮਾਜ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਮੋੜਾ ਸਿੰਘ ਅਨਜਾਨ ਨੇ ਕਿਹਾ ਕਿ ਕਾਂਗਰਸ ਸਰਕਾਰ ਦੇ ਟਾਇਮ ਤੋਂ ਹੀ ਸਿਵਲ ਹਸਪਤਾਲ ਪ੍ਰਸ਼ਾਸਨਿਕ ਅਣਗਿਹਲੀਆਂ ਦਾ ਸ਼ਿਕਾਰ ਰਿਹਾ, ਉਹ ਭਾਵੇਂ ਜਣੇਪਾ ਕੇਂਦਰ ਦੀ ਡਲਿਵਰੀ ਕੇਸ ਨਿੱਜੀ ਹਸਪਤਾਲਾਂ ਨੂੰ ਭੇਜਣਾ ਹੋਵੇ ਚਾਹੇ ਜਾਂ ਮਰੀਜ਼ਾਂ ਪ੍ਰਤੀ ਡਾਕਟਰਾਂ ਦਾ ਬੁਰਾ ਵਿਹਾਰ।ਅਣਜਾਣ ਨੇ ਕਿਹਾ ਕਿ ਉਨ੍ਹਾਂ ਨੇ ਕੁਝ ਦਿਨ ਪਹਿਲਾਂ ਸਿਵਲ ਹਸਪਤਾਲ ਫ਼ਿਰੋਜ਼ਪੁਰ ਦਾ ਦੌਰਾ ਕੀਤਾ, ਜਿੱਥੇ ਹਲਾਤ ਬਦ ਤੋਂ ਬਦਤਰ ਬਣੇ ਹੋਏ ਸਨ, ਪਖਾਨਿਆਂ ਦੇ ਵਿੱਚ ਗੰਦਗੀ ਹਰ ਪਾਸੇ ਕੂੜੇ ਦੇ ਢੇਰ ਐਮਰਜੈਂਸੀ ਸੇਵਾਵਾਂ ਦੇ ਲਾਗੇ ਕੂੜੇ ਦੇ ਢੇਰ ਕੂੜਾਦਾਨ 'ਚ ਪੁਰਾਣਾ ਕੂੜਾ ਜਿਉਂ ਦਾ ਤਿਉ ਹੀ ਦਿਸ ਰਿਹਾ ਸੀ।ਅਨਜਾਨ ਨੇ ਕਿਹਾ ਕਿ 'ਆਪ' ਸਰਕਾਰ ਹਸਪਤਾਲਾਂ ਦੇ ਸੁਧਾਰ ਲਈ ਕਦਮ ਚੁੱਕ ਰਹੀ ਹੈ, ਪਰ ਪ੍ਰਸ਼ਾਸਨਿਕ ਅਣਗਿਹਲੀਆਂ ਕਰਕੇ ਸਿਵਲ ਹਸਪਤਾਲ ਆਪਣੇ ਇਲਾਜ ਲਈ ਤਰਸ ਰਿਹਾ ਹੈ। ਅਨਜਾਨ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਹਸਪਤਾਲ ਨੂੰ ਸਹੀ ਢੰਗ ਨਾਲ ਚਲਾਇਆ ਜਾਵੇ ਤਾਂ ਜੁ ਆਮ ਗ਼ਰੀਬ ਲੋਕਾਂ ਦਾ ਇਲਾਜ ਸਹੀ ਹੋ ਸਕੇ।ਉਨ੍ਹਾਂ ਕਿਹਾ ਕਿ ਹਸਪਤਾਲ ਦੇ ਸੁਧਾਰ ਨੂੰ ਲੈ ਕੇ ਉਹ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਤੋਂ ਐੱਮਐੱਲਏ ਰਣਬੀਰ ਭੁੱਲਰ ਤੇ ਹਲਕਾ ਫ਼ਿਰੋਜ਼ਪੁਰ ਦਿਹਾਤੀ ਤੋਂ ਐੱਮ ਐੱਲ ਏ ਰਜ਼ਨੀਸ਼ ਦਹੀਆ ਨਾਲ ਵੀ ਮੁਲਾਕਾਤ ਕਰਨਗੇ ਤਾਂ ਜੁ ਹਸਪਤਾਲ ਦੀ ਦਸ਼ਾ 'ਚ ਸੁਧਾਰ ਲਿਆਂਦਾ ਜਾ ਸਕੇ ਤੇ ਡਾਕਟਰਾਂ ਦੀ ਮਨਮਰਜ਼ੀ ਤੋਂ ਮਰੀਜ਼ਾਂ ਨੂੰ ਨਿਜ਼ਾਤ ਮਿਲ ਸਕੇ।

ਪੰਜਾਬ ਸਰਕਾਰ ਖਿਲਾਫ ਧਰਨਾ ਤੇ ਰੋਸ ਪ੍ਰਦਰਸ਼ਨ

ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)

ਸਫਾਈ ਸੇਵਕ ਯੂਨੀਅਨ ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਫੈਸਲੇ ਅਨੁਸਾਰ ਸਥਾਨਕ ਨਗਰ ਕੋਸਲ ਜਗਰਾਉਂ ਦੇ ਸਮੂਹ ਕਰਮਚਾਰੀਆਂ ਨੂੰ ਜ਼ਿਲ੍ਹਾ ਪ੍ਰਧਾਨ ਸਫਾਈ ਸੇਵਕ ਯੂਨੀਅਨ ਪੰਜਾਬ (ਲੁਧਿਆਣਾ) ਦੀ ਅਗਵਾਈ ਹੇਠ ਦਫਤਰ ਨਗਰ ਕੌਂਸਲ ਜਗਰਾਉਂ ਵਿਖੇ ਪੰਜਾਬ ਸਰਕਾਰ ਖਿਲਾਫ ਧਰਨਾ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ ਅਤੇ ਦਫਤਰ ਨਗਰ ਕੌਂਸਲ ਜਗਰਾਉਂ ਦੇ ਗੇਟ ਤੋਂ ਕਾਲੀਆਂ-ਲਾਲ ਝੰਡੀਆਂ ਲੈ ਕੇ ਪੈਦਲ ਰੋਸ ਮਾਰਚ ਕਰਦੇ ਹੋਏ ਮਾਣਯੋਗ ਉਪ-ਮੰਡਲ ਮੈਜਿਸਟ੍ਰੇਟ ਜਗਰਾਉਂ ਰਾਹੀਂ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਸ੍ਰ. ਹਰਪਾਲ ਸਿੰਘ ਚੀਮਾਂ ਨੂੰ ਭੇਜਣ ਲਈ ਮੰਗ ਪੱਤਰ ਸੌਂਪਿਆ ਗਿਆ।ਪ੍ਰਧਾਨ ਅਰੁਣ ਗਿੱਲ ਨੇ ਦੱਸਿਆ ਕਿ ਸਫਾਈ ਸੇਵਕ ਯੂਨੀਅਨ ਮਿਉਂਸਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੀ ਜਥੇਬੰਦੀ ਵੱਲੋਂ ਪੰਜਾਬ ਦੇ ਸਮੂਹ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ ਕੀਤਾ ਜਾਣਾ ਸੀ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਕੋਈ ਵੀ ਮੀਟਿੰਗ ਸਬੰਧੀ ਕੋਈ ਵੀ ਹੁੰਗਾਰਾ ਨਹੀਂ ਭਰਿਆ ਗਿਆ, ਜਿਸ 'ਤੇ ਯੂਨੀਅਨ ਦੇ ਨੁਮਾਇੰਦਿਆਂ ਵੱਲੋਂ ਲੁਧਿਆਣਾ ਚਤਰ ਸਿੰਘ ਪਾਰਕ ਵਿਖੇ ਇੱਕ ਮੀਟਿੰਗ ਕਰਕੇ ਵਿੱਤ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਦੇ ਫੈਸਲੇ ਨੂੰ ਪੋਸਟਪੋਂਡ ਕਰਕੇ 13 ਮਾਰਚ 2024 ਨੂੰ ਪੂਰੇ ਪੰਜਾਬ ਅੰਦਰ ਇੱਕ ਦਿਨ ਦੀ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਸੀ, ਜਿਸ ਕਰਕੇ ਅੱਜ ਨਗਰ ਕੌਂਸਲ ਜਗਰਾਉਂ ਦੇ ਸਮੂਹ ਕਰਮਚਾਰੀਆਂ ਨੇ ਇੱਕ ਦਿਨ ਦੀ ਹੜਤਾਲ ਕੀਤੀ।ਜੇਕਰ ਪੰਜਾਬ ਸਰਕਾਰ ਵੱਲੋਂ ਜਲਦੀ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਮੀਟਿੰਗ ਲਈ ਕੋਈ ਨਿਸ਼ਚਿਤ ਸਮਾਂ ਨਾ ਦਿੱਤਾ ਗਿਆ ਤਾਂ ਜਥੇਬੰਦੀ ਵੱਲੋਂ ਇਸ ਸੰਘਰਸ਼ ਨੂੰ ਹੋਰ ਤਿੱਖਾ ਕਰਦੇ ਹੋਏ ਇੱਕ ਵੱਡਾ ਐਕਸ਼ਨ ਲਿਆ ਜਾਵੇਗਾ।ਇਸ ਮੌਕੇ ਪ੍ਰਧਾਨ ਅਮਰਪਾਲ ਸਿੰਘ, ਨਵਜੀਤ ਕੌਰ ਕਲਰਕ, ਤਾਰਕ ਕਲਰਕ, ਹਰਦੀਪ ਢੋਲਣ, ਸ਼ਾਮ ਲਾਲ ਚੰਡਾਲੀਆ, ਪਵਨ ਕੁਮਾਰ ਚੰਡਾਲੀਆ ਹਾਕਮ, ਜਗਮੋਹਨ ਸਿੰਘ, ਮੁਕੇਸ਼ ਕੁਮਾਰ, ਗੁਰਪ੍ਰੀਤ ਸਿੰਘ, ਹੀਰਾ ਸਿੰਘ, ਗਗਨਦੀਪ ਖੁੱਲਰ, ਮੁਨੀਸ਼ ਕੁਮਾਰ, ਜਸਪ੍ਰੀਤ ਸਿੰਘ, ਨਰਿੰਦਰ ਕੁਮਾਰ, ਗੁਰਜੰਟ ਸਿੰਘ, ਮੰਗਲ ਸਿੰਘ, ਅਕਾਸ਼, ਬਲਵਿੰਦਰ, ਜਸਪ੍ਰੀਤ ਸਿੰਘ, ਗੁਰਮੇਲ ਸਿੰਘ, ਪਰਮਜੀਤ ਸਿੰਘ, ਮੁਕੇਸ਼ ਕੁਮਾਰ, ਹੁਕਮਪਾਲ, ਰੋਹਿਤ, ਗੁਰਮੀਤ ਸਿੰਘ, ਗੁਰਇਕਵਾਲ ਸਿੰਘ, ਰਵੀ ਗਿੱਲ, ਰਾਮ ਪ੍ਰਕਾਸ਼, ਪ੍ਰਦੀਪ ਕੁਮਾਰ, ਕ੍ਰਿਸ਼ਨ ਗੋਪਾਲ, ਰਾਜੂ, ਭੂਸ਼ਨ, ਵਿੱਕੀ, ਰਾਮ ਪ੍ਰਕਾਸ਼, ਸ਼ਾਮ ਲਾਲ ਗੱਟੀ, ਸਨਦੀਪ ਕੁਮਾਰ, ਅਨਿਲ ਸਿੰਘ, ਰਜੇਸ਼ ਕੁਮਾਰ, ਸ਼ੰਮੀ, ਪੱਪੀ, ਧਰਮਵੀਰ, ਸ਼ਾਮ ਲਾਲ, ਰਾਜੂ, ਮਮਤਾ ਆਦਿ ਸ਼ਾਮਲ ਸਨ।

ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਚੱਲਣਾ ਅਜੋਕੇ ਸਮੇਂ ਦੀ ਅਣਸਰਦੀ ਲੋੜ : ਚੌਹਾਨ/ਉੱਡਤ

■ ਬਾਜੇ ਵਾਲਾ ਵਿਖੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਕਾਨਫਰੰਸ 25 ਨੂੰ

ਮਾਨਸਾ (ਆਤਮਾ ਸਿੰਘ ਪਮਾਰ)

ਪਿੰਡ ਬਾਜੇਵਾਲਾ ਵਿਖੇ ਸੀ ਪੀ ਆਈ ਪਿੰਡ ਇਕਾਈ ਦੀ ਜਨਰਲ ਬਾਡੀ ਦੀ ਮੀਟਿੰਗ ਕਾ. ਧੰਨਾ ਸਿੰਘ ਬਾਜੇਵਾਲਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ਾਲ ਕਾਨਫਰੰਸ 25 ਮਾਰਚ ਨੂੰ ਪਿੰਡ ਬਾਜੇਵਾਲਾ ਵਿਖੇ ਕੀਤੀ ਜਾਵੇਗੀ।ਕਾਨਫਰੰਸ ਦੌਰਾਨ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਇਨਕਲਾਬੀ ਨਾਟਕ, ਕੋਰੀਓਗ੍ਰਫੀਆਂ ਤੇ ਗੀਤ ਪੇਸ਼ ਕੀਤੇ ਜਾਣਗੇ ਅਤੇ ਕਮਿਉਨਿਸਟ ਲਹਿਰ ਦੇ ਹੀਰਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ ਜਾਵੇਗਾ। ਮੀਟਿੰਗ ਨੂੰ ਸੰਬੋਧਨ ਕਰਦਿਆ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਤੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਿਹਾ ਕਿ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਦੀ ਵਿਚਾਰਧਾਰਾ 'ਤੇ ਚੱਲ ਕੇ ਹੀ ਸਾਡੇ ਸਮਾਜ ਨੂੰ ਅੱਗੇ ਵਧਾਇਆ ਜਾ ਸਕਦਾ ਹੈ ਤੇ ਆਰਥਿਕ, ਸਮਾਜਿਕ ਤੇ ਰਾਜਨੀਤਕ ਅਸਮਾਨਤਾਵਾਂ ਨੂੰ ਖਤਮ ਕਰਕੇ ਬਰਾਬਰੀ ਵਾਲਾ ਸਮਾਜ ਸਿਰਜਿਆ ਜਾ ਸਕਦਾ ਹੈ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਆਜ਼ਾਦੀ ਦੇ 76 ਸਾਲਾਂ ਬਾਅਦ ਵੀ ਸਾਡੇ ਹੁਕਮਰਾਨ ਮਿਹਨਤਕਸ਼ ਕਿਸਾਨਾਂ ਮਜ਼ਦੂਰਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਕਰ ਸਕੇ ਤੇ ਨਵਉਦਾਰਵਾਦੀ ਕਾਰਪੋਰੇਟ ਪੱਖੀ ਨੀਤੀਆਂ ਸਦਕਾ ਮਿਹਨਤਕਸ਼ਾਂ ਦੀ ਹਾਲਾਤ ਦਿਨ-ਬ-ਦਿਨ ਮਾੜੀ ਹੋ ਰਹੀ ਹੈ ਤੇ ਭਾਰਤੀ ਸਮਾਜ ਦੀ ਦੌਲਤ ਚੰਦ ਪੂੰਜੀਪਤੀਆਂ ਦੇ ਹੱਥਾਂ ਵਿੱਚ ਇਕੱਤਰ ਹੋ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾ. ਬਲਦੇਵ ਸਿੰਘ ਬਾਜੇਵਾਲਾ, ਜੱਗਾ ਸਿੰਘ ਬਾਜੇਵਾਲਾ, ਬੂਟਾ ਸਿੰਘ ਖੱਟੜਾ, ਕਾਮਰੇਡ ਬੂਟਾ ਸਿੰਘ ਬਾਜੇਵਾਲਾ ਮਿਸਤਰੀ, ਦਰਸ਼ਨ ਸਿੰਘ ਬਾਜੇਵਾਲਾ ਮਿਸਤਰੀ, ਗੁਰਚੇਤ ਸਿੰਘ ਬਾਜੇਵਾਲਾ, ਕਾਮਰੇਡ ਨਿਰਮਲ ਸਿੰਘ ਬਾਜੇਵਾਲਾ, ਗਿੰਦਰ ਸਿੰਘ ਬਾਜੇਵਾਲਾ, ਮੇਜਰ ਸਿੰਘ ਬਾਜੇਵਾਲਾ ਆਦਿ ਹਾਜ਼ਰ ਸਨ।

ਕਾਰਪੋਰੇਟਾਂ ਤੋਂ ਲਈ ਰਿਸ਼ਵਤ ਨੂੰ ਛੁਪਾਉਣ ਲਈ ਸੀ ਏ ਏ ਨੂੰ ਉਛਾਲ ਰਹੀ ਹੈ ਮੋਦੀ ਸਰਕਾਰ : ਲਿਬਰੇਸ਼ਨ

■ ਮੋਦੀ ਦੇ 400 ਪਾਰ ਦੇ ਦਾਅਵਿਆਂ ਦੀ ਫੂਕ ਕੱਢ ਰਹੇ ਨੇ ਪਾਰਟੀ ਛੱਡ ਕੇ ਭੱਜਣ ਵਾਲੇ ਨੇਤਾ ਤੇ ਉਮੀਦਵਾਰ

ਮਾਨਸਾ (ਆਤਮਾ ਸਿੰਘ ਪਮਾਰ)-ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦਾ ਕਹਿਣਾ ਹੈ ਕਿ ਚੋਣ ਬਾਂਡਾਂ ਰਾਹੀਂ ਚੋਣ ਫੰਡ ਦੇ ਰੂਪ ਵਿੱਚ ਕਾਰਪੋਰੇਟ ਕੰਪਨੀਆਂ ਤੋਂ ਲਈ ਅਰਬਾਂ ਰੁਪਏ ਦੀ ਰਿਸ਼ਵਤ ਬਾਰੇ ਦੇਸ਼ ਦੁਨੀਆ ਵਿੱਚ ਹੋ ਰਹੀ ਚਰਚਾ ਨੂੰ ਮੁੱਦਾ ਬਦਲ ਕੇ ਠੱਲ ਪਾਉਣ ਦੇ ਬੁਰੇ ਇਰਾਦੇ ਨਾਲ, ਮੋਦੀ ਸਰਕਾਰ ਵੱਲੋਂ ਅਪਣੇ ਅੰਤਮ ਦੌਰ ਦੌਰਾਨ ਅਚਾਨਕ ਸੀ ਏ ਏ ਨੂੰ ਲਾਗੂ ਕਰਨ ਦਾ ਐਲਾਨ ਕਰਨਾ ਇਕ ਫਿਰਕੂ ਧਰੁਵੀਕਰਨ ਦੀ ਸਾਜ਼ਿਸ਼ ਤੋਂ ਬਿਨਾਂ ਹੋਰ ਕੁਝ ਨਹੀਂ।ਲਿਬਰੇਸ਼ਨ ਦੇ ਸੂਬਾ ਸਕੱਤਰ ਕਾ. ਗੁਰਮੀਤ ਸਿੰਘ ਬਖਤੁਪੁਰ ਤੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਮੋਦੀ ਸਰਕਾਰ ਤੇ ਸਟੇਟ ਬੈਂਕ ਆਫ ਇੰਡੀਆ ਦੇ ਵਕੀਲਾਂ ਦੇ ਚੋਣ ਬਾਂਡਾਂ ਬਾਰੇ ਚੋਣਾਂ ਤੋਂ ਪਹਿਲਾਂ ਜਾਣਕਾਰੀ ਨਾ ਦੇਣ ਦੇ ਸਾਰੇ ਬਹਾਨੇ ਰੱਦ ਕਰਕੇ ਤੁਰੰਤ ਸੂਚਨਾ ਪ੍ਰਦਾਨ ਕਰਨ ਦੇ ਹੁਕਮ ਦੇਣ ਤੋਂ ਬਾਅਦ ਹੁਣ ਇਸ ਸਰਕਾਰ ਦੀ ਹਾਲਤ ਐਨ ਪਾੜ 'ਚੋਂ ਫੜੇ ਗਏ ਚੋਰ ਵਰਗੀ ਹੋ ਚੁੱਕੀ ਹੈ।ਇਸੇ ਲਈ ਉਹ ਇਸ ਬਾਰੇ ਮੀਡੀਆ ਚਰਚਾ ਨੂੰ ਠੱਲ੍ਹ ਪਾਉਣ ਲਈ ਕਦੇ ਸੀ ਏ ਏ ਲਾਗੂ ਕਰਨ 'ਤੇ ਕਦੇ ਹਰਿਆਣਾ ਦਾ ਮੁੱਖ ਮੰਤਰੀ ਬਦਲਣ ਵਰਗੇ ਹੋਰ ਮੁੱਦੇ ਉਛਾਲ ਰਹੇ ਹਨ, ਪਰ ਹਰ ਲੰਘਦੇ ਦਿਨ ਮੋਦੀ ਤੇ ਬੀਜੇਪੀ ਦੀ ਹਾਲਤ ਪਤਲੀ ਹੁੰਦੀ ਜਾ ਰਹੀ ਹੈ, ਜਿਸ ਕਾਰਨ ਹੁਣ ਉਸ ਦੇ ਲੀਡਰ ਪਾਰਟੀ ਛੱਡਣ ਜਾਂ ਚੋਣ ਲੜਨ ਤੋਂ ਟਾਲਾ ਵੱਟਣ ਲੱਗੇ ਹਨ।ਪ੍ਰਧਾਨ ਮੰਤਰੀ ਵਲੋਂ ਵਾਰ ਵਾਰ 400 ਸੀਟਾਂ ਪਾਰ ਦੇ ਦਾਅਵੇ ਕਰਨ ਦੇ ਬਾਵਜੂਦ ਸਪੱਸ਼ਟ ਨਜ਼ਰ ਆ ਰਿਹਾ ਕਿ ਚੋਣਾਂ ਵਿੱਚ ਬੀਜੇਪੀ ਨੂੰ ਇੰਡੀਆ ਗੱਠਜੋੜ ਹੱਥੋਂ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਲਿਬਰੇਸ਼ਨ ਆਗੂਆਂ ਨੇ ਦੇ

15-March-PAGE-8.qxd 3/14/2024 11:01 PM Page 1

ਸਪਲਾਈ 'ਚ ਪਏ ਵਿਘਨ ਕਾਰਨ ਕਿਸਾਨ ਲਗਾਤਾਰ ਝੱਲ ਰਹੇ ਪ੍ਰੇਸ਼ਾਨੀ

ਗੁਰਾਇਆ (ਬਿੰਦਰ ਸੁਮਨ)— ਮਹਿਸਮਪੁਰ, ਜੱਜਾ ਕਲਾਂ ਪਿੰਡਾਂ 'ਚ ਜਿੱਥੇ ਜਿਆਦਾ ਨੁਕਸਾਨ ਹੋਇਆ ਹੈ, ਉਥੇ ਕਿਸਾਨਾਂ ਨੂੰ ਖੇਤੀਬਾੜੀ ਲਈ ਬਿਜਲੀ ਦੀ ਸਪਲਾਈ ਨਹੀਂ ਮਿਲ ਰਹੀ। ਜਿਸ ਕਾਰਨ ਉਨ੍ਹਾਂ ਨੂੰ ਪਸ਼ੂਆਂ ਨੂੰ ਪਾਣੀ ਪਿਆਉਣ 'ਚ ਵੀ ਦਿੱਕਤ ਆ ਰਹੀ ਹੈ। ਕਣਕ ਨੂੰ ਆਖਰੀ ਪਾਣੀ ਵੀ ਲੱਗਣਾ ਹੈ, ਜਿਸ ਲਈ ਕਿਸਾਨਾਂ ਦੇ ਫਿਕਰ ਵੱਧ ਗਏ ਹਨ। ਕਣਕ ਅਤੇ ਝੋਨੇ ਦੇ ਫਸਲੀ ਚੱਕਰ 'ਚ ਨਿਕਲੇ ਕਿਸਾਨ ਸੁਖਦੀਪ ਸਿੰਘ ਅਤੇ ਉਸ ਦੇ ਪਿਤਾ ਚਰਨਜੀਤ ਸਿੰਘ ਨੇ ਦੱਸਿਆ ਕਿ ਉਸ ਨੇ ਮਿਤੀ 25 ਫਰਵਰੀ ਨੂੰ ਸ਼ਿਕਾਇਤ ਨੰਬਰ 67279641 ਲਿਖਾਈ ਸੀ ਜਿਸ ਨੂੰ ਫੋਨ ਨੰਬਰ 'ਤੇ ਕਈ ਵਾਰ ਹੱਲ ਹੋਈ ਦਾ ਸੰਦੇਸ਼ ਆਇਆ ਹੈ ਪਰ ਕੋਈ ਵੀ ਅਧਿਕਾਰੀ ਅਜੇ ਤੱਕ ਉਨ੍ਹਾਂ ਨਾਲ ਸਬੰਧਿਤ ਟਰਾਂਸਫਾਰਮ 'ਤੇ ਨਹੀਂ ਆਇਆ ਉਲਟਾ ਜੇਈ ਇਹ ਜੁਆਬ ਦੇ ਰਿਹਾ ਹੈ ਕਿ ਉਨ੍ਹਾਂ ਦੇ ਨਾਂਅ ਤੇ ਕੋਈ ਮੋਟਰ ਨਹੀਂ ਜਦਕਿ ਪੰਜਾਬ 'ਚ 60 ਫੀਸਦੀ ਤੋਂ ਉੱਪਰ ਮੋਟਰਾਂ ਦੇ ਕੁਨੈਕਸ਼ਨ ਪੁਰਾਣੇ ਬੁਜੁਰਗਾਂ ਦੇ ਨਾਂਅ 'ਤੇ ਹਨ। ਜੇ.ਈ. ਨੇ ਇਹ ਵੀ ਕਿਹਾ ਕਿ ਤੁਸੀਂ ਆਪਣੇ ਪੱਧਰ 'ਤੇ ਟਰਾਂਸਫਾਰਮਰ ਠੀਕ ਕਰਵਾ ਲਵੋ। ਉਨ੍ਹਾਂ ਜਨਰੇਟਰ ਚਲਾ ਕੇ ਆਪਣੇ ਚੁਕੰਦਰਾਂ ਦੀ ਫਸਲ ਦੀ ਸੰਚਾਈ ਕੀਤੀ ਹੈ। ਇਸ ਫੀਡਰ ਨਾਲ ਸਬੰਧਤ ਜੇਈ ਨੇ ਆਪਣਾ ਪੱਲਾ ਝਾੜਦਿਆਂ ਕਿਹਾ ਕਿ ਇਸ ਦਾ ਐਸਟੀਮੇਟ ਬਣ ਚੁੱਕਾ ਹੈ ਪਰ ਕਦੋਂ ਤੱਕ ਬਿਜਲੀ ਸਪਲਾਈ ਚਾਲੂ ਹੋਵੇਗੀ, ਇਸ ਬਾਰੇ ਕੁੱਝ ਨਹੀਂ ਪਤਾ।

ਵਿਦੇਸ਼ ਭੇਜਣ ਦੇ ਨਾਂਅ 'ਤੇ 16.90 ਲੱਖ ਦੀ ਧੋਖਾਧੜੀ

ਨਵਾਂਸ਼ਹਿਰ, (ਮਨੋਜ ਲਾਡੀ)- ਵਿਦੇਸ਼ ਭੇਜਣ ਦੇ ਨਾਂਅ ਤੇ 16.90 ਲੱਖ ਦੀ ਧੋਖਾਧੜੀ ਕਰਨ ਦੇ ਮਾਮਲੇ 'ਤੇ ਇਕ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਹੈ । ਰਛਪਾਲ ਕੌਰ ਪਤਨੀ ਰੇਸ਼ਮ ਸਿੰਘ ਵਾਸੀ ਮੁਕੰਦਪੁਰ ਨੇ ਦੋਸ਼ ਲਾਇਆ ਕਿ ਉਸ ਦੇ ਲੜਕੇ ਹਰਜੀਤ ਸਿੰਘ ਨੂੰ ਵਿਦੇਸ਼ ਭੇਜਣ ਦੇ ਨਾਂਅ 'ਤੇ ਸਵਰਾਜਪਾਲ ਸਿੰਘ ਸਿੱਧੂ ਪੁੱਤਰ ਕੁਲਦੀਪ ਸਿੰਘ ਸਿੱਧੂ ਵਾਸੀ 104 ਐਲ ਬਲਾਕ ਜਲੰਧਰ ਅਰਬਨ ਅਸਟੇਟ ਨੇ 16 ਲੱਖ 90 ਹਜਾਰ ਦੀ ਰਕਮ ਲਈ। ਉਸ ਨੂੰ ਨਾ ਹੀ ਵਿਦੇਸ਼ ਭੇਜਿਆ ਅਤੇ ਨਾ ਹੀ ਰਕਮ ਵਾਪਸ ਕੀਤੀ। ਪੁਲਸ ਨੇ ਜਾਂਚ ਉਪਰੰਤ ਮਾਮਲਾ ਦਰਜ ਕਰ ਲਿਆ।

ਬਖਲੌਰ ਨੇੜੇ ਪਰਾਲੀ ਨਾਲ ਭਰੀ ਟਰਾਲੀ ਨੂੰ ਲੱਗੀ ਅੱਗ

ਨਵਾਂਸ਼ਹਿਰ (ਮਨੋਜ ਲਾਡੀ)- ਇੱਥੋਂ ਨਜਦੀਕੀ ਪਿੰਡ ਬਖਲੌਰ ਵਿਖੇ ਪਰਾਲੀ ਦੀਆਂ ਗੰਢਾਂ ਨਾਲ ਲੱਦੀ ਇਕ ਟਰਾਲੀ ਨੂੰ ਅੱਗ ਲੱਗਣ ਦਾ ਪਤਾ ਲੱਗਾ ਹੈ। ਇਸ ਨਾਲ ਭਾਵੇਂ ਕਿਸੀ ਜਾਨੀ ਨੁਕਸਾਨ ਤੋਂ ਤਾਂ ਬਚਾਅ ਹੋ ਗਿਆ, ਪਰ ਪਰਾਲੀ ਪੂਰੀ ਤਰ੍ਹਾਂ ਸੜ੍ਹ ਕੇ ਸੁਆਹ ਹੋ ਗਈ ਅਤੇ ਟਰਾਲੀ ਦੇ ਟਾਇਰਾਂ ਦੇ ਪਟਾਕੇ ਬੋਲ ਗਏ। ਟਰਾਲੀ ਚਾਲਕ ਕ੍ਰਿਸਨ ਲਾਲ ਨੇ ਦੱਸਿਆ ਕਿ ਉਹ ਬਖਲੌਰ ਤੋਂ ਪਰਾਲੀ ਦੀਆਂ ਗੰਢਾਂ ਲੱਦ ਬਲਾਕ ਕੇ ਨਵਾਂਸ਼ਹਿਰ ਗੰਨਾ ਮਿੱਲ ਲਿਜਾ ਰਿਹਾ ਸੀ। ਰਸਤੇ ਵਿਚ ਬਿਜਲੀ ਦੀਆਂ ਤਾਰਾਂ ਥੱਲੇ ਤੋਂ ਟਰਾਲੀ ਲੰਘਾਉਣ ਸਮੇਂ ਤਾਰਾਂ ਆਪਸ ਵਿਚ ਜੁੜ ਗਈਆਂ ਅਤੇ ਪਰਾਲੀ ਨੂੰ ਅੱਗ ਪੈ ਗਈ। ਮੌਕੇ 'ਤੇ ਪਹੁੰਚੇ ਥਾਣਾ ਮੁਕੰਦਪੁਰ ਦੇ ਐਸ. ਐਚ. ਓ. ਜੋਗਿੰਦਰ ਸਿੰਘ ਵੱਲੋਂ ਤੁਰੰਤ ਫਾਇਰ ਬ੍ਰਿਗੇਡ ਨੂੰ ਵੀ ਸੂਚਿਤ ਕੀਤਾ ਗਿਆ ਪਰ ਜਦੋਂ ਤੱਕ ਫਾਇਰ ਬ੍ਰਿਗੇਡ ਦੀ ਗੱਡੀ ਪਹੁੰਚੀ, ਉਦੋਂ ਤੱਕ ਸਾਰੀ ਪਰਾਲੀ ਸੜ ਚੁੱਕੀ ਸੀ।

10 ਗ੍ਰਾਮ ਹੈਰੋਇਨ ਸਮੇਤ ਔਰਤ ਕਾਬੂ

ਬੰਗਾ (ਅਵਤਾਰ ਕਲੇਰ) - ਥਾਣਾ ਸਦਰ ਬੰਗਾ ਦੇ ਏ ਐਸ ਆਈ ਨਿਰਮਲ ਸਿੰਘ ਦੀ ਪੁਲਸ ਪਾਰਟੀ ਨੇ ਦੌਰਾਨੇ ਗਸ਼ਤ ਨੇੜੇ ਪਿੰਡ ਲੱਖਪੁਰ ਤੋਂ ਨਿੰਮੋ ਪਤਨੀ ਜੀਤਾ ਵਾਸੀ ਲੱਖਪੁਰ ਥਾਣਾ ਸਦਰ ਬੰਗਾ ਜ਼ਿਲ੍ਹਾ ਸਹੀਦ ਭਗਤ ਸਿੰਘ ਨਗਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਤਲਾਸ਼ੀ ਦੌਰਾਨ 10 ਗ੍ਰਾਮ ਹੈਰੋਇਨ ਬਰਾਮਦ ਕਰਕੇ ਮੁਕੱਦਮਾ ਸਦਰ ਥਾਣਾ ਬੰਗਾ ਦਰਜ ਕੀਤਾ ਗਿਆ ਹੈ। ਉਸ ਦੇ ਖਿਲਾਫ ਪਹਿਲਾ ਵੀ ਨਸ਼ਾ ਵੇਚਣ ਦੇ ਦੋ ਮੁਕੱਦਮੇ ਦਰਜ ਹਨ।

ਦਸੂਹਾ ਐਵਾਰਡ ਫੰਕਸ਼ਨ ਦੌਰਾਨ ਸੇਵਾ ਸੁਸਾਇਟੀ ਦਾ ਸਨਮਾਨ

ਮੋਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਬਲੱਡ ਡੋਨੇਸ਼ਨ ਐਂਡ ਵੈਲਫੇਅਰ ਸੁਸਾਇਟੀ ਰਜਿ ਦਸੂਹਾ ਵੱਲੋਂ ਸਾਲਾਨਾ ਬਲੱਡ ਕੈਂਪ ਦੌਰਾਨ ਐਵਾਰਡ ਫੰਕਸ਼ਨ ਕਰਵਾਇਆ ਗਿਆ, ਜਿਸ ਵਿੱਚ ਬਹੁਤ ਸਾਰੀਆਂ ਸਤਿਕਾਰਯੋਗ ਸ਼ਖਸੀਅਤਾਂ, ਸੇਵਾ ਸੁਸਾਇਟੀਆਂ ਦੇ ਨਾਲ ਨਾਲ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਤੋਂ ਵੀਡੀਓ ਡਾਇਰੈਕਟਰ ਸੁੱਖੀ ਦਾਊਦਪੁਰੀਆ, ਸੁਖਜੀਤ ਸਿੰਘ ਡਰੋਲੀ ਕਲਾਂ ਨੂੰ ਜਾਣ ਦਾ ਮੌਕਾ ਮਿਲਿਆ, ਜਿਸ ਸੇਵਾ ਸੁਸਾਇਟੀ ਦਾ ਪਰਮਿੰਦਰ ਸਿੰਘ ਬੱਬਲੂ, ਸੁਖਜੀਤ ਸਿੰਘ ਰਾਮਗੜ੍ਹੀਆ ਅਤੇ ਬਲੱਡ ਡੋਨਰਜ ਐਂਡ ਵੈਲਫੇਅਰ ਸੁਸਾਇਟੀ ਦਸੂਹਾ ਵੱਲੋਂ ਸਵਾਗਤ ਕੀਤਾ ਗਿਆ ਅਤੇ ਸੇਵਾ ਸੁਸਾਇਟੀ ਡਰੋਲੀ ਕਲਾਂ ਵੱਲੋਂ ਮਾਨਵਤਾ ਦੀ ਸੇਵਾ ਲਈ ਨਿਭਾਈਆਂ ਜਾਂਦੀਆਂ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ। ਇਸ ਦੌਰਾਨ ਸਰਪੰਚ ਯੂਨੀਅਨ ਪ੍ਰਧਾਨ ਕੁਲਵਿੰਦਰ ਬਾਘਾ ਉੱਘੇ ਸਮਾਜ ਸੇਵੀ ਹਨੀ ਭੱਟੀ, ਰਮਨ ਬੈਂਸ ਤੇ ਹੋਰ ਵੀ ਬਹੁਤ ਸਾਰੇ ਮੈਂਬਰ ਹਾਜਰ ਸਨ।

ਸੜਕ ਹਾਦਸੇ 'ਚ ਜਾਨ ਗਵਾਉਣ ਵਾਲੇ ਦੇ ਪਰਵਾਰ ਨੂੰ 31 ਲੱਖ ਰੁਪਏ ਦੀ ਆਰਥਕ ਸਹਾਇਤਾ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ) ਟਾਹਲੀ-ਬੱਲਾ ਵੈਲਫੇਅਰ ਸੁਸਾਇਟੀ ਯੂ.ਐਸ.ਏ ਵੱਲੋਂ ਆਪਣੇ ਸਮਾਜ ਸੇਵੀ ਤੇ ਲੋਕ ਭਲਾਈ ਕੰਮਾਂ ਨੂੰ ਅੱਗੇ ਤੋਰਦਿਆਂ ਅਮਰੀਕਾ ਵਿੱਚ ਹੋਏ ਸੜਕ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਇੱਕ ਵਿਅਕਤੀ ਦੇ ਪਰਵਾਰ ਨੂੰ ਆਰਥਿਕ ਸਹਾਇਤਾ ਰਾਸ਼ੀ ਭੇਂਟ ਕੀਤੀ ਗਈ। ਸੁਸਾਇਟੀ ਦੇ ਪ੍ਰਧਾਨ ਰੌਣਕ ਸਿੰਘ, ਸਾਬਕਾ ਪ੍ਰਧਾਨ ਸਤਨਾਮ ਸਿੰਘ ਸੱਤਾ, ਸਾਬਕਾ ਪ੍ਰਧਾਨ ਗੁਰਨਾਮ ਸਿੰਘ ਤੇ ਜਨਰਲ ਸਕੱਤਰ ਸਤਵਿੰਦਰ ਸਿੰਘ ਮੁਲਤਾਨੀ ਦੀ ਅਗਵਾਈ ਵਿੱਚ ਸੋਸਾਇਟੀ ਦੇ ਸਮੂਹ ਮੈਂਬਰਾਂ ਨੇ ਪਿੰਡ ਟਾਹਲੀ ਨਾਲ ਹੀ ਸੰਬੰਧਿਤ ਬੀਤੇ ਸਮੇਂ ਦੌਰਾਨ ਅਮਰੀਕਾ ਵਿੱਚ ਹੋਏ ਭਿਆਨਕ ਸੜਕ ਹਾਦਸੇ ਵਿੱਚ ਮੌਤ ਦਾ ਸ਼ਿਕਾਰ ਹੋਏ ਸੁਰਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਦੇ ਪਰਵਾਰਕ ਮੈਂਬਰ ਵਿਅਕਤੀ ਦੀ ਧਰਮ ਪਤਨੀ ਕਮਲਜੀਤ ਕੌਰ ਨੂੰ 31 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਾ ਚੈੱਕ ਦਿੱਤਾ। ਇਸ ਮੌਕੇ ਸਰਪੰਚ ਬਚਿੱਤਰ ਸਿੰਘ ਤੇ ਮ੍ਰਿਤਕ ਸੁਰਜੀਤ ਸਿੰਘ ਦੇ ਪਰਵਾਰਕ ਮੈਂਬਰਾਂ ਨੇ ਸੁਸਾਇਟੀ ਦੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਇਸ ਤੋਂ ਪਹਿਲਾਂ ਸੜਕ ਹਾਦਸੇ ਸਮੇਂ ਸੁਰਜੀਤ ਸਿੰਘ ਦੇ ਅਮਰੀਕਾ ਵਿੱਚ ਹੀ ਇਲਾਜ ਵਾਸਤੇ ਆਰਥਿਕ ਸਹਾਇਤਾ ਰਾਸ਼ੀ ਭੇਂਟ ਕੀਤੀ ਸੀ ਪ੍ਰੰਤੂ ਗੰਭੀਰ ਜਖਮੀ ਹੋਣ ਕਾਰਨ ਸੁਰਜੀਤ ਸਿੰਘ ਦੀ ਜਾਨ ਚਲੀ ਗਈ ਸੀ ਜਿਸ ਉਪਰੰਤ ਸੁਸਾਇਟੀ ਵੱਲੋਂ ਪ੍ਰਭਾਵਿਤ ਪਰਵਾਰ ਦੀ ਹੋਰ ਆਰਥਿਕ ਮਦਦ ਕਰਨ ਦਾ ਫੈਸਲਾ ਲਿਆ ਗਿਆ । ਇਸ ਮੌਕੇ ਸੰਪੂਰਨ ਸਿੰਘ, ਬਲਵੀਰ ਸਿੰਘ ਸਰਬਜੀਤ ਸਿੰਘ, ਇੰਦਰਜੀਤ ਸਿੰਘ,ਮੰਗਤ ਸਿੰਘ

ਟਾਹਲੀ, ਰਜਿੰਦਰ ਸਿੰਘ ਪਟਵਾਰੀ, ਜੈਮਲ ਸਿੰਘ ਲਾਟੀ, ਜੰਗਵੀਰ ਸਿੰਘ,ਨੰਬਰਦਾਰ, ਵਿੱਕੀ ਯੂ ਐਸ ਏ, ਜਸਵਿੰਦਰ ਸਿਘ ਸਰਪੰਚ ਬੱਲਾ, ਬਚਿੱਤਰ ਸਿੰਘ ਸਰਪੰਚ ਟਾਹਲੀ, ਬਲਜਿੰਦਰ ਸਿੰਘ ਬੱਬੂ ਸਟੇਜ ਸੈਕਟਰੀ, ਮਲਕੀਤ ਸਿੰਘ, ਬਲਦੇਵ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਪੰਚ, ਗੁਰਚਰਨ ਸਿੰਘ ਪੰਚ ਬਾਬੂ ਜੋਗਿੰਦਰ ਸਿੰਘ, ਹੌਲਦਾਰ ਹਰਭਜਨ ਸਿੰਘ, ਹਰਬੰਸ ਸਿੰਘ ਥਾਣੇਦਾਰ, ਹਰਮਨਪ੍ਰੀਤ ਸਿੰਘ, ਗੁਰਸੇਵਕ ਸਿੰਘ, ਸੁਖਜਿੰਦਰ ਸਿੰਘ, ਬਲਵੀਰ ਸਿੰਘ, ਲਖਵਿੰਦਰ ਸਿੰਘ, ਅਮਰਜੀਤ ਕੌਰ, ਨਰਿੰਦਰ ਕੌਰ, ਹਨੀ ਯੂ.ਐਸ.ਏ, ਸੰਗਾਰ ਸਿੰਘ, ਬਲਦੇਵ ਸਿੰਘ ਪ੍ਰਧਾਨ, ਲਖਵਿੰਦਰ ਸਿੰਘ, ਬਲਵਿੰਦਰ ਸਿੰਘ, ਜਗੀਰ ਸਿੰਘ ਵੀ ਹਾਜਰ ਸਨ।

ਰਾਜਪਾਲ ਨੂੰ ਜਨਤਾ ਦੇ ਨੁਮਾਇੰਦਿਆਂ ਤੇ ਲੋਕਤੰਤਰ ਦਾ ਕੋਈ ਸਨਮਾਨ ਨਹੀਂ : ਆਪ

ਚੰਡੀਗੜ੍ਹ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)

ਆਮ ਆਦਮੀ ਪਾਰਟੀ (ਆਪ) ਨੇ ਚੰਡੀਗੜ੍ਹ ਵਿੱਚ ਮੁਫਤ ਪਾਣੀ ਅਤੇ ਮੁਫਤ ਪਾਰਕਿੰਗ ਦੀ ਸਹੂਲਤ ਬਾਰੇ ਰਾਜਪਾਲ ਦੀ ਤਾਜ਼ਾ ਟਿੱਪਣੀ ਲਈ ਉਨ੍ਹਾਂ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਇਹ ਬਹੁਤ ਨਿਰਾਸ਼ਾਜਨਕ ਹੈ ਕਿ ਉਨ੍ਹਾਂ ਨੇ ਫਾਈਲਾਂ ਨੂੰ ਰੱਦ ਕਰਨ ਤੋਂ ਪਹਿਲਾਂ ਉਨ੍ਹਾਂ 'ਤੇ ਵਿਚਾਰ ਵੀ ਨਹੀਂ ਕੀਤਾ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੰਡੀਗੜ੍ਹ ਦੇ ਮੇਅਰ ਕੁਲਦੀਪ ਕੁਮਾਰ ਨੇ ਕਿਹਾ ਕਿ ਅਜੇ ਦੋ ਦਿਨ ਪਹਿਲਾਂ ਹੀ ਅਸੀਂ ਪ੍ਰੈੱਸ ਕਾਨਫਰੰਸ ਕਰਕੇ ਤੁਹਾਨੂੰ ਦੱਸਿਆ ਸੀ ਕਿ ਚੰਡੀਗੜ੍ਹ ਵਿੱਚ ਲੋਕਾਂ ਨੂੰ ਮੁਫਤ ਪਾਰਕਿੰਗ ਦੀ ਸਹੂਲਤ ਅਤੇ 20,000 ਲੀਟਰ ਮੁਫਤ ਪਾਣੀ ਦਿੱਤਾ ਜਾਵੇਗਾ। ਸਾਡੇ ਇਸ ਫੈਸਲੇ ਨੂੰ ਲੋਕਾਂ ਵੱਲੋਂ ਭਰਪੂਰ ਪਿਆਰ ਮਿਲਿਆ ਕਿਉਂਕਿ ਇਹ ਆਮ ਲੋਕਾਂ ਲਈ ਵੱਡੀ ਆਰਥਿਕ ਰਾਹਤ ਬਣ ਕੇ ਆਇਆ ਹੈ। ਸਾਨੂੰ ਆਸ ਸੀ ਕਿ ਅਜਿਹੇ ਲੋਕ ਭਲਾਈ ਫੈਸਲਿਆਂ ਨੂੰ ਸਰਕਾਰ ਦੇ ਸਥਾਨਕ ਸਕੱਤਰ ਅਤੇ ਰਾਜਪਾਲ ਬਿਨਾਂ ਕਿਸੇ ਮੁੱਦੇ ਦੇ ਪ੍ਰਵਾਨ ਕਰਨਗੇ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਭਾਜਪਾ ਦੇ ਨੁਮਾਇੰਦੇ ਲੋਕ ਹਿੱਤ ਵਿੱਚ ਲਏ ਫੈਸਲਿਆਂ ਨੂੰ ਪਸੰਦ ਨਹੀਂ ਕਰਦੇ।ਇਨ੍ਹਾਂ ਏਜੰਡਿਆਂ ਦੀਆਂ ਫਾਈਲਾਂ ਨੂੰ ਦੇਖੇ ਬਿਨਾਂ ਅਤੇ ਬਿਨਾਂ ਕਿਸੇ ਚਰਚਾ ਕੀਤੇ ਰਦ ਕਰ ਦਿੱਤਾ। ਇਹ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਨੇ ਅਜਿਹੇ ਮਹੱਤਵਪੂਰਨ ਜਨਤਕ ਮਾਮਲਿਆਂ 'ਤੇ ਟਿੱਪਣੀ ਕਰਨ ਤੋਂ ਪਹਿਲਾਂ ਚਰਚਾ ਕਰਨ ਦੀ ਜ਼ਰੂਰਤ ਵੀ ਨਹੀਂ ਸਮਝੀ।ਮੇਅਰ ਨੇ ਕਿਹਾ ਕਿ ਰਾਜਪਾਲ ਨੇ ਇਸ ਮਾਮਲੇ ਬਾਰੇ ਸੋਚਣ ਤੋਂ ਵੀ ਸਾਫ਼ ਇਨਕਾਰ ਕਰ ਦਿੱਤਾ ਕਿਉਂਕਿ ਭਾਜਪਾ ਦੇ ਨਾਮਜ਼ਦ ਰਾਜਪਾਲ ਨੂੰ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦਾ ਕੋਈ ਸਤਿਕਾਰ ਨਹੀਂ ਹੈ।ਭਾਰਤੀ ਜਨਤਾ ਪਾਰਟੀ ਦੇ ਤਾਨਾਸ਼ਾਹੀ ਸੁਭਾਅ ਕਾਰਨ ਉਨ੍ਹਾਂ ਦੇ ਆਗੂ ਸਾਡੇ ਲੋਕਤੰਤਰ ਅਤੇ ਚੁਣੇ ਹੋਏ ਨੁਮਾਇੰਦਿਆਂ ਪ੍ਰਤੀ ਕੋਈ ਸਨਮਾਨ ਨਹੀਂ ਦਿਖਾਉਂਦੇ।ਇਸ ਮੌਕੇ ਚੰਡੀਗੜ੍ਹ ਦੇ ਸਹਿ ਇੰਚਾਰਜ ਡਾਕਟਰ ਸੰਨੀ ਆਹਲੂਵਾਲੀਆ, ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਐਚ ਐਸ ਲੱਕੀ, 'ਆਪ' ਕੌਂਸਲਰ ਯੋਗੇਸ਼ ਢੀਂਗਰਾ ਅਤੇ ਕਾਂਗਰਸੀ ਕੌਂਸਲਰ ਗੁਰਪ੍ਰੀਤ ਸਿੰਘ ਵੀ ਮੌਜੂਦ ਸਨ।

2500 ਲੋਕਾਂ ਨੂੰ ਸਾਫ-ਸੁਥਰਾ ਪਾਣੀ ਮਿਲੇਗਾ : ਮਾਨ

ਬਿਲਗਾ (ਵਿਜੇ ਕੁਮਾਰ)- ਨਗਰ ਬਿਲਗਾ ਵਿੱਚ ਹਲਕਾ ਨਕੋਦਰ ਵਿਧਾਇਕ ਇੰਦਰਜੀਤ ਕੌਰ ਮਾਨ ਵਲੋਂ ਬਿਲਗਾ ਦੇ ਵੱਖ ਵੱਖ ਵਿਕਾਸ ਦੇ ਕੰਮਾਂ ਲਈ ਉਦਘਾਟਨ ਕੀਤਾ ਗਿਆ ਉੱਥੇ ਹੀ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਨ੍ਹਾਂ ਨੇ ਪੰਜਾਬ ਨੂੰ 100 ਫੀਸਦੀ ਸਾਫ ਸੁਥਰਾ ਪਾਣੀ ਅਤੇ 100 ਫੀਸਦੀ ਸੀਵਰੇਜ ਮੁਹੱਈਆ ਕਰਵਾਉਣ ਦਾ ਟੀਚਾ ਮਿੱਥਿਆ ਹੋਇਆ ਹੈ। ਨਗਰ ਬਿਲਗਾ ਦੇ ਆਉਟਰ ਏਰੀਆ ਵਿਚ ਜਿਹੜਾ ਸੀਵਰੇਜ ਪੈ ਰਿਹਾ ਹੈ ਨਾਲ ਹੀ ਵਾਟਰ ਸਪਲਾਈ ਦੇ ਪਾਈਪ ਪਾਉਣ ਜਿਸ ਦੀ ਲੰਬਾਈ ਸਾਢੇ ਚਾਰ ਕਿਲੋਮੀਟਰ ਹੈ ਅਤੇ ਜਿਸ ਦੀ ਵੱਡੀ ਲਾਗਤ ਆਏਗੀ। ਵਿਧਾਇਕ ਮਾਨ ਨੇ ਕਿਹਾ ਕਿ ਜੋ ਘਰਾਂ ਦੇ ਕੁਨੈਕਸ਼ਨ ਰਹਿੰਦੇ ਹਨ ਉਨ੍ਹਾਂ 390 ਘਰਾਂ ਨੂੰ ਨਵੇਂ ਕੁਨੈਕਸ਼ਨ ਦਿੱਤੇ ਜਾਣਗੇ ਜਿਸ ਵਿਚ 2500 ਲੋਕਾਂ ਨੂੰ ਸਾਫ ਸੁਥਰਾ ਪਾਣੀ ਮਿਲੇਗਾ ਉਨ੍ਹਾਂ ਨੇ ਕਿਹਾ ਕਿ ਪਿੰਡ ਦੀਆਂ ਵਾਟਰ ਸਪਲਾਈ ਦੀਆਂ ਮੋਟਰਾਂ ਜੋ ਪੁਰਾਣੀਆਂ ਹੋਣ ਕਰਕੇ ਜਲਦੀ ਖਰਾਬ ਹੋ ਜਾਂਦੀਆਂ ਸਨ ਜਿਨ੍ਹਾਂ ਨੂੰ ਰਿਪੇਅਰ ਕਰਨ ਲਈ ਬਹੁਤ ਟਾਈਮ ਖਰਾਬ ਹੋ ਜਾਂਦਾ ਸੀ ਇਸ ਵਾਸਤੇ 2 ਨਵੀਆਂ ਮੋਟਰਾਂ ਸਪੇਅਰ ਰੱਖ ਲਾਈਆਂ ਹਨ ਤਾਂ ਕਿ ਪਾਣੀ ਦੀ ਦਿੱਕਤ ਆਉਣ 'ਤੇ ਉਸੇ ਵੇਲੇ 2 ਘੰਟਿਆਂ ਅੰਦਰ ਵਾਟਰ ਸਪਲਾਈ ਦੁਬਾਰਾ ਬਹਾਲ ਕੀਤੀ ਜਾ ਸਕੇ।

ਸਰਕਾਰੀ ਹਸਪਤਾਲ 'ਚ ਵਿਸ਼ਵ ਕਾਲਾ ਮੋਤੀਆ ਹਫਤਾ ਮਨਾਇਆ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)- ਅੱਖਾਂ ਦੀ ਮਾਹਰ ਡਾਕਟਰ ਪਰਮਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਦੇ ਸਾਰੇ ਜ਼ਿਲ੍ਹਾ ਹਸਪਤਾਲਾਂ, ਸਬ ਡਿਵੀਜਨਲ ਅਤੇ ਸਰਕਾਰੀ ਕਾਲਜਾਂ ਵਿੱਚ ਕਾਲੇ ਮੋਤੀਏ ਦੇ ਮੁਫਤ ਚੈਕਅਪ ਕੈਂਪ 10 ਤੋਂ 16 ਮਾਰਚ ਨੂੰ ਲਗਾਏ ਜਾ ਰਹੇ ਹਨ। ਉਹਨਾਂ ਨੇ ਦੱਸਿਆ ਕਿ ਅਸਧਾਰਨ ਸਿਰ ਦਰਦ ਜਾਂ ਅੱਖਾਂ ਵਿੱਚ ਦਰਦ ,ਪੜ੍ਹਨ ਵਾਲੇ ਚਸ਼ਮਿਆਂ ਦਾ ਬਾਰ-ਬਾਰ ਬਦਲਣਾ, ਪ੍ਰਕਾਸ਼ ਦੇ ਆਲੇ ਦੁਆਲੇ ਰੰਗਦਾਰ ਚੱਕਰ ਅਤੇ ਅੱਖਾਂ ਵਿੱਚ ਦਰਦ ਅਤੇ ਲਾਲੀ ਦੇ ਨਾਲ ਦ੍ਰਿਸ਼ਟੀ ਦੇ ਖੇਤਰ ਦਾ ਸੀਮਤ ਹੋਣਾ ਅਜਿਹੇ ਕਿਸੇ ਵੀ ਲੱਛਣ ਚਿੰਨ ਦੇ ਪ੍ਰਗਟ ਹੋਣ 'ਤੇ ਆਪਣੀਆਂ ਅੱਖਾਂ ਦਾ ਦਬਾਅ ਚੈੱਕ ਕਰਵਾਓ । ਕਾਲੇ ਮੋਤੀਏ ਦਾ ਇਲਾਜ ਸਫਲ ਤਰੀਕੇ ਨਾਲ ਹੋ ਸਕਦਾ ਹੈ ਜੇਕਰ ਸਮੇਂ ਸਿਰ ਇਸਦਾ

15-March-PAGE-9.qxd 3/14/2024 11:00 PM Page 1

ਲਾਇਨਜ਼ ਕਲੱਬ ਨੇ ਲਾਇਨਜ਼ ਮਲਟੀਸਪੈਸ਼ਲਿਟੀ ਹਸਪਤਾਲ ਦਾ ਨੀਂਹ ਪੱਥਰ ਰੱਖਿਆ

ਆਦਮਪੁਰ (ਪਰਮਜੀਤ ਸਿੰਘ)

ਲਾਇਨਜ਼ ਕਲੱਬ ਆਦਮਪੁਰ ਦੋਆਬਾ ਨੇ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਦੀ ਦੇਖ ਰੇਖ ਹੇਠ ਲਾਇਨਜ਼ ਮਲਟੀ ਸਪੈਸ਼ਲਿਟੀ ਹਸਪਤਾਲ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਭੂਮੀ ਪੂਜਨ ਮਨਮੋਹਨ ਨਾਇਰ ਅਤੇ ਉਨ੍ਹਾਂ ਦੀ ਸੁਪਤਨੀ ਚੰਦਰ ਰੇਖਾ ਨਾਇਰ, ਸਮਾਜ ਸੇਵਕ ਜਤਿੰਦਰ ਜੇ ਮਿਨਹਾਸ, ਤਰਸੇਮ ਸਿੰਘ ਕਨੇਡਾ ਨੇ ਕੀਤਾ।ਇਸ ਮੌਕੇ ਹਸਪਤਾਲ ਵਿੱਚ ਬਣਨ ਵਾਲੇ ਦੋ ਬਲਾਕਾਂ ਵਿਚੋਂ ਸਵਰਗੀ ਕ੍ਰਿਸ਼ਨਾ ਦੇਵੀ ਨਾਇਰ ਅਤੇ ਲੰਬੜਦਾਰ ਭਗਵੰਤ ਸਿੰਘ ਮਿਨਹਾਸ ਦੀ ਯਾਦ ਵਿੱਚ ਦੂਜੇ ਬਲਾਕ ਦਾ ਕੰਮ ਵੱਡੀ ਗਿਣਤੀ ਵਿੱਚ ਪ੍ਰਵਾਸੀ ਭਾਰਤੀਆਂ, ਲਾਇਨਜ਼ ਕਲੱਬ ਦੇ ਸਮੂਹ ਮੈਂਬਰਾਂ ਸ਼ਹਿਰ ਦੀਆਂ ਨਾਮਚੀਨ ਹਸਤੀਆਂ ਵਿੱਚਕਾਰ ਹੋਇਆ।ਇਸ ਮੌਕੇ ਆਪਣੇ ਸੰਬੋਧਨ ਅੰਦਰ ਸਭਨਾਂ ਦਾ ਸਵਾਗਤ ਕਰਦਿਆਂ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ ਨੇ ਕਿਹਾ ਕਿ ਲਾਇਨਜ਼ ਆਈ ਹਸਪਤਾਲ ਦਾ ਨੀਂਹ ਪੱਥਰ ਵੀ ਮਨਮੋਹਨ ਨਾਇਰ ਅਮਰੀਕਾ ਵਾਲਿਆਂ ਨੇ ਰੱਖਿਆ ਸੀ ਤੇ ਇਸ ਨੂੰ ਪੂਰਾ ਕਰਨ ਵਿੱਚ ਜਤਿੰਦਰ ਜੇ ਮਿਨਹਾਸ ਅਤੇ ਮਿਨਹਾਸ ਪਰਵਾਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਤੇ ਅੱਜ ਉਨ੍ਹਾਂ ਨੂੰ ਖੁਸ਼ੀ ਹੈ ਕਿ ਲਾਇਨਜ਼ ਮਲਟੀ ਸਪੈਸ਼ਲਿਟੀ ਹਸਪਤਾਲ ਦਾ ਨੀਂਹ ਪੱਥਰ ਵੀ ਇਨ੍ਹਾਂ ਵੱਲੋਂ ਹੀ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਆਈ ਹਸਪਤਾਲ ਵਾਂਗ ਇੱਥੇ ਵੀ ਲੋਕਾਂ ਦੀ ਨਿਸ਼ਕਾਮ ਸੇਵਾ ਹੋਵੇਗੀ।ਇਸ ਮੌਕੇ ਆਪਣੇ ਸੰਬੋਧਨ ਅੰਦਰ ਜਤਿੰਦਰ ਜੇ ਮਿਨਹਾਸ, ਮਨਮੋਹਨ ਨਾਇਰ ਅਤੇ ਮੁੱਖ ਮਹਿਮਾਨ ਵਜੋਂ

ਪਹੁੰਚੇ ਲਾਇਨਜ਼ ਕਲੱਬ ਦੇ ਗਵਰਨਰ ਇੰਜ. ਐਸ.ਪੀ.ਸੋਂਧੀ ਨੇ ਕਿਹਾ ਕਿ ਲਾਇਨਜ਼ ਕਲੱਬ ਆਦਮਪੁਰ ਵੱਲੋਂ ਲਗਾਤਾਰ ਵੱਡੀਆਂ ਸੇਵਾਵਾਂ ਕਰਦਾ ਆ ਰਿਹਾ ਹੈ ਇਸ ਮੌਕੇ ਕਲੱਬ ਦੇ ਪ੍ਰਧਾਨ ਅਕਸ਼ਰਦੀਪ ਸ਼ਰਮਾ ਨੇ ਕਿਹਾ ਕਿ ਅੱਜ ਉਨ੍ਹਾਂ ਨੂੰ ਬੇਹੱਦ ਖੁਸ਼ੀ ਹੈ ਕਿ ਉਨ੍ਹਾਂ ਦੇ ਸੇਵਾ ਕਾਲ ਦੌਰਾਨ ਲਾਇਨਜ਼ ਮਲਟੀ ਸਪੈਸਲਿਟੀ ਹਸਪਤਾਲ ਬਣਨ ਜਾ ਰਿਹਾ ਹੈ। ਇਸ ਮੌਕੇ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਦੇ ਜਨਰਲ ਸਕੱਤਰ ਐਮ ਕੇ ਜੱਗੀ ਨੇ ਸਭਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਅਮਰਜੀਤ ਸਿੰਘ ਭੋਗਪੁਰੀਆ, ਰਗਵੀਰ ਸਿੰਘ ਵਿਰਦੀ, ਕਰਮਜੀਤ ਸਿੰਘ, ਜਗਦੀਸ਼ ਪਸਰੀਚਾ, ਕੁਲਵੀਰ ਸਿੰਘ, ਅੰਮ੍ਰਿਤਪਾਲ ਸਿੰਘ, ਕਲਮੋਹਨ ਲਾਲ ਸ਼ਾਰਦਾ, ਅਮਰਜੀਤ ਸਿੰਘ ਡਰੋਲੀ ਕਲਾਂ, ਵਿਨੋਦ ਟੰਡਨ, ਖੜਕ ਸਿੰਘ, ਰਾਜਿੰਦਰ ਪ੍ਰਸ਼ਾਦ, ਮਾਸਟਰ ਸੁਖਦੇਵ ਸਿੰਘ, ਰਾਜ ਕੁਮਾਰ ਪਾਲ, ਹਰਿਦਰ ਬਾਂਸਲ, ਸੁਸ਼ੀਲ ਡੋਗਰਾ, ਅਮਿਤਾਭ ਕਰਵਲ, ਰਾਜੇਸ਼ ਕੁਮਾਰ ਰਾਜੂ, ਰਾਜੇਸ਼ ਅਗਰਵਾਲ, ਡਾਕਟਰ ਕਰਨੈਲ ਸਿੰਘ, ਰਾਜਿੰਦਰ ਵਰਮਾ, ਚਾਰਟਰ ਪ੍ਰਧਾਨ ਡਾ.ਸਰਵਮੋਹਨ ਟੰਡਨ, ਗੁਰਮੀਤ ਸਿੰਘ ਬੋਪਾਰਾਏ, ਵਿਕਰਮ ਟੰਡਨ, ਸਿੱਖ ਚਿੰਤਕ ਭਗਵਾਨ ਸਿੰਘ ਜੌਹਲ, ਐਸ.ਜੀ.ਪੀ.ਸੀ ਮੈਂਬਰ ਪਰਮਜੀਤ ਸਿੰਘ ਰਾਏਪੁਰ, ਸੈਮ ਰੱਖੜਾ ਕਨੇਡਾ, ਭੁਪਿੰਦਰ ਸਿੰਘ ਜੌਹਲ ਕਨੇਡਾ, ਸਤਨਾਮ ਸਿੰਘ ਮਿਨਹਾਸ ਕਨੇਡਾ, ਸਾਭੀ ਔਲਖ ਕਨੇਡਾ, ਨਿਸ਼ਾਨ ਸਿੰਘ ਮਿਨਹਾਸ ਯੂਕੇ, ਰਣਜੀਤ ਕੌਰ ਮਿਨਹਾਸ, ਰਵੀ ਕਾਂਤ ਜਰਮਨ, ਚੰਚਲ ਸਿੰਘ ਬੈਂਸ ਕਨੇਡਾ, ਗੁਰਦਿਆਲ ਸਿੰਘ ਕਨੇਡਾ, ਗੁਰਦੀਪ ਸਿੰਘ ਕਾਲਰਾ, ਯੂਨੀਵਰਸਿਟੀ ਦੇ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ, ਮਨਦੀਪ ਕੌਰ ਮਿਨਹਾਸ ਪੁਆਰ, ਕੌਂਸਲਰ ਕਨੂੰ, ਕੌਂਸਲਰ ਅਮਰੀਕ ਸਿੰਘ,ਕੌਂਸਲਰ ਸੁਰਿੰਦਰ ਪਾਲ, ਕੌਂਸਲਰ ਵਿਕਰਮ ਵਿੱਕੀ, ਲਿਓ ਕਲੱਬ ਤੋਂ ਦਿਨਕਰ ਸਿੰਗਲਾ, ਵੰਸ਼ ਉੱਪਲ, ਸ਼ੁਭਮ ਭੰਡਾਰੀ, ਜੇਸੀ ਆਦਮਪੁਰ ਦੇ ਪ੍ਰਧਾਨ ਦਵਿੰਦਰ ਸੂਰੀ, ਨਰਿੰਦਰ ਕੁੱਕੂ, ਰਣਦੀਪ ਸਿੰਘ ਰਾਣਾ ਨਾਜਕਾ, ਡਾ.ਨਵਪ੍ਰੀਤ ਕੌਰ ਅਤੇ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਰਿਹਾ।

ਭਵਾਨੀਪੁਰ 'ਚ ਛਿੰਝ 19 ਨੂੰ

ਗੜ੍ਹਸ਼ੰਕਰ (ਫੁਲਾ ਸਿੰਘ ਬੀਰਮਪੁਰ)- ਪਿੰਡ ਭਵਾਨੀਪੁਰ ਵਿਖੇ ਬਾਬਾ ਸਿੱਧ ਚਾਨਣ ਜੀ ਦੇ ਮੰਦਰ ਪਿੰਡ ਦੀ ਸੁੱਖ-ਸ਼ਾਂਤੀ ਵਾਸਤੇ ਛਿੰਝ ਕਰਵਾਉਣ ਲਈ ਮੱਥਾ ਟੇਕਿਆ ਗਿਆ, ਜਿਸ ਵਿੱਚ ਪਿੰਡ ਭਵਾਨੀਪੁਰ, ਭਵਾਨੀਪੁਰ ਭਗਤਾਂ, ਕਾਣੇਵਾਲ ਦੇ ਵਸਨੀਕ ਹਾਜਰ ਹੋਏ ਅਤੇ ਫੈਸਲਾ ਕੀਤਾ ਗਿਆ ਕਿ 19 ਮਾਰਚ ਦਿਨ ਮੰਗਲਵਾਰ ਨੂੰ ਛਿੰਝ ਕਰਵਾਈ ਜਾਵੇਗੀ। ਬਲਵੀਰ ਸਿੰਘ ਬੈਂਸ ਨੇ ਦੱਸਿਆ ਹੈ ਕਿ ਇਸ ਛਿੰਝ ਮੇਲੇ ਵਿੱਚ ਨਾਮੀ ਪਹਿਲਵਾਨਾਂ ਨੂੰ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ ਸਰਪੰਚ ਹਰਜਿੰਦਰ ਸਿੰਘ,ਸਰਪੰਚ ਸੁਰਿੰਦਰ ਪਾਲ,ਸਰਪੰਚ ਜਸਪਾਲ, ਲੰਬੜਦਾਰ ਮਹਿੰਦਰਪਾਲ ਸਿੰਘ, ਲੰਬੜਦਾਰ ਮਾਸਟਰ ਗੁਰਦਾਸ ਰਾਮ, ਪੰਚ ਬਿੱਕਰ ਸਿੰਘ, ਪੰਚ ਹਰਦਿਆਲ ਸਿੰਘ, ਪੰਚ ਸ਼ਾਮ ਸੁੰਦਰ,ਪੰਚ ਰਕੇਸ਼ ਕੁਮਾਰ,ਪੰਚ ਰਣਧੀਰ ਸਿੰਘ, ਪੰਚ ਕਾਕਾ ਪੰਡਤ, ਸਰਵਣ ਰਾਮ, ਮਲੂਕ ਚੰਦ, ਸਰਦਾਰਾ ਸਿੰਘ, ਸੋਹਨ ਸਿੰਘ,ਚਰਨਜੀਤ ਸਿੰਘ, ਸੰਜੀਵ ਸਿੰਘ, ਦਿਲਬਾਗ ਸਿੰਘ, ਅਮਰਜੀਤ ਸਿੰਘ, ਭੋਲਾ ਰਾਮ,ਪਰਮਜੀਤ ਪੰਮੀ ਅਤੇ ਹੋਰ ਪਿੰਡ ਦੇ ਵਸਨੀਕ ਹਾਜਰ ਸਨ।

ਕਾਂਗਰਸ ਖਾਲੀ ਵਾਅਦੇ ਨਹੀਂ ਕਰਦੀ, ਪੂਰਾ ਕਰਨ ਦੀ ਗਰੰਟੀ ਦਿੰਦੀ : ਤਿਵਾੜੀ

ਖਰੜ (ਗੁਰਜੀਤ ਬਿੱਲਾ)

ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਕਿਹਾ ਕਿ ਕਾਂਗਰਸ ਖਾਲੀ ਵਾਅਦੇ ਨਹੀਂ ਕਰਦੀ, ਸਗੋਂ ਉਨ੍ਹਾਂ ਨੂੰ ਪੂਰਾ ਕਰਨ ਦੀ ਗਾਰੰਟੀ ਦਿੰਦੀ ਹੈ ਅਤੇ ਕੇਂਦਰ ਵਿਚ ਪਾਰਟੀ ਦੀ ਸਰਕਾਰ ਬਣਨ ਤੇ ਹਰ ਵਰਗ ਦੇ ਸਸ਼ਕਤੀਕਰਨ ਤੇ ਕੰਮ ਕੀਤਾ ਜਾਵੇਗਾ। ਫਿਰ ਭਾਵੇਂ ਉਹ ਦੇਸ਼ ਦੀਆਂ ਔਰਤਾਂ ਨੂੰ ਦਿੱਤੀਆਂ ਗਈਆਂ ਪੰਜ ਗਾਰੰਟੀਆਂ ਦੀ ਗੱਲ ਹੋਵੇ ਜਾਂ ਫਿਰ ਇਹ ਮਨਰੇਗਾ ਤਹਿਤ ਲੋਕਾਂ ਦੀ ਆਮਦਨ ਵਧਾਉਣ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਨਾਲ ਸਬੰਧਤ ਹੋਵੇ।ਜਨ ਸੰਪਰਕ ਮੁਹਿਮ ਤਹਿਤ ਪਿੰਡ ਬੱਤਾ ਵਿਖੇ ਇੱਕ ਪਬਲਿਕ ਮੀਟਿੰਗ ਨੂੰ ਸੰਬੋਧਨ ਕਰਦਿਆਂ, ਸੰਸਦ ਮੈਂਬਰ ਨੇ ਕਿਹਾ ਕਿ ਪਾਰਟੀ ਝੂਠੇ ਅਤੇ ਫੋਕੇ ਵਾਅਦੇ ਕਰਨ ਵਿੱਚ ਯਕੀਨ ਨਹੀਂ ਰੱਖਦੀ।ਜਿਵੇਂ ਬੀ ਜੇ ਪੀ ਨੇ ਪਿਛਲੀਆਂ ਚੋਣਾਂ ਦੌਰਾਨ ਕੀਤਾ ਸੀ ਅਤੇ ਨਾ ਤਾਂ ਲੋਕਾਂ ਦੇ ਬੈਂਕ ਖਾਤਿਆਂ ਵਿੱਚ 15-15 ਲੱਖ ਰੁਪਏ ਆਏ ਅਤੇ ਨਾ ਹੀ 2 ਕਰੋੜ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਮਿਲੀ। ਇਸ ਦੇ ਉਲਟ ਬੇਰੁਜ਼ਗਾਰੀ ਦੀ ਦਰ ਵਧੀ ਹੈ, ਮਹਿੰਗਾਈ ਦਾ ਬੋਝ ਲੋਕਾਂ ਦੀਆਂ ਜੇਬਾਂ ਤੇ ਭਾਰੀ ਪੈ ਰਿਹਾ ਹੈ, ਜਮਹੂਰੀ ਸੰਸਥਾਵਾਂ ਤੇ ਹਮਲੇ ਹੋ ਰਹੇ ਹਨ ਅਤੇ ਸਮਾਜ ਦਾ ਹਰ ਵਰਗ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਚੁੱਕਾ ਹੈ।ਪਾਰਟੀ ਵੱਲੋਂ ਔਰਤਾਂ ਨੂੰ ਦਿੱਤੀਆਂ ਗਈਆਂ ਪੰਜ ਗਰੰਟੀਆਂ ਦਾ ਜ਼ਿਕਰ ਕਰਦਿਆਂ, ਉਨ੍ਹਾਂ ਕਿਹਾ ਕਿ ਜੇਕਰ ਪਾਰਟੀ ਕੇਂਦਰ ਵਿੱਚ ਸੱਤਾ ਵਿੱਚ ਆਉਂਦੀ ਹੈ ਤਾਂ ਗਰੀਬ ਪਰਵਾਰ ਦੀ ਇਕ ਔਰਤ ਨੂੰ 1 ਲੱਖ ਰੁਪਏ ਸਾਲਾਨਾ ਸਹਾਇਤਾ ਦਿੱਤੀ ਜਾਵੇਗੀ; ਕੇਂਦਰ ਸਰਕਾਰ ਦੀਆਂ ਨਵੀਆਂ ਨਿਯੁਕਤੀਆਂ ਵਿੱਚ ਔਰਤਾਂ ਨੂੰ 50 ਫੀਸਦੀ ਰਾਖਵਾਂਕਰਨ ਮਿਲੇਗਾ; ਆਂਗਣਵਾੜੀ, ਆਸ਼ਾ ਅਤੇ ਮਿਡ-ਡੇ-ਮੀਲ ਵਰਕਰਾਂ ਦੀ ਮਾਸਿਕ ਤਨਖਾਹ ਵਿੱਚ ਕੇਂਦਰ ਸਰਕਾਰ ਦਾ

ਯੋਗਦਾਨ ਦੁੱਗਣਾ ਕੀਤਾ ਜਾਵੇਗਾ; ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਅਤੇ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਲਈ ਹਰ ਪੰਚਾਇਤ ਵਿੱਚ ਇੱਕ ਕਾਨੂੰਨ ਸਹਾਇਕ ਨਿਯੁਕਤ ਕੀਤਾ ਜਾਵੇਗਾ ਅਤੇ ਜ਼ਿਲ੍ਹਾ ਹੈੱਡ ਕੁਆਰਟਰ ਵਿੱਚ ਕੰਮਕਾਜੀ ਔਰਤਾਂ ਲਈ ਘੱਟੋ-ਘੱਟ ਇੱਕ ਹੋਸਟਲ ਬਣਾਇਆ ਜਾਵੇਗਾ ਅਤੇ ਦੇਸ਼ ਭਰ ਵਿੱਚ ਇਨ੍ਹਾਂ ਹੋਸਟਲਾਂ ਦੀ ਗਿਣਤੀ ਦੁੱਗਣੀ ਕੀਤੀ ਜਾਵੇਗੀ।ਇਸ ਤਰ੍ਹਾਂ, ਉਨ੍ਹਾਂ ਨੇ ਮਨਰੇਗਾ ਸਕੀਮ ਤਹਿਤ ਸਾਲ ਵਿੱਚ 365 ਦਿਨ ਰੁਜ਼ਗਾਰ ਦੇਣ ਦੇ ਨਾਲ-ਨਾਲ ਦਿਹਾੜੀ ਦੀ ਦਰ ਵਿੱਚ ਵਾਧਾ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਪਾਰਟੀ ਲੋਕ ਹਿੱਤ ਵਿੱਚ ਕਈ ਯੋਜਨਾਵਾਂ ਲਿਆਵੇਗੀ।ਜਿੱਥੇ ਹੋਰਨਾਂ ਤੋਂ ਇਲਾਵਾ, ਸੀਨੀਅਰ ਕਾਂਗਰਸੀ ਆਗੂ ਮਨਜੋਤ ਸਿੰਘ, ਸਰਪੰਚ ਸਾਹਿਬ ਸਿੰਘ, ਰਵਿੰਦਰ ਸਿੰਘ ਪ੍ਰਧਾਨ ਬਾਬਾ ਨੰਦ ਲਾਲ ਜੀ ਟਰੱਸਟ, ਹਰਦੀਪ ਸਿੰਘ ਬਾਸੀ, ਪੰਚ ਬਲਵਿੰਦਰ ਸਿੰਘ, ਸਾਬਕਾ ਸਰਪੰਚ ਬਲਬੀਰ ਸਿੰਘ, ਰਣਬੀਰ ਸਿੰਘ ਆਦਿ ਹਾਜ਼ਰ ਸਨ।

ਡਿਪਟੀ ਕਮਿਸ਼ਨਰ ਵੱਲੋਂ ਸਟਰਾਂਗ ਰੂਮਾਂ ਦਾ ਦੌਰਾ

ਜਲੰਧਰ, (ਸ਼ੈਲੀ ਐਲਬਰਟ)

ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਅੱਜ ਸਟਰਾਂਗ ਰੂਮਾਂ ਅਤੇ ਗਿਣਤੀ ਕੇਂਦਰਾਂ ਦਾ ਦੌਰਾ ਕਰਦਿਆਂ ਉਥੇ ਚੱਲ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ।ਡਿਪਟੀ ਕਮਿਸ਼ਨਰ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ ਅਤੇ ਸਮੂਹ ਸਹਾਇਕ ਰਿਟਰਨਿੰਗ ਅਫ਼ਸਰਾਂ ਸਮੇਤ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ, ਸਟੇਟ ਪਟਵਾਰ ਸਕੂਲ, ਡਾਇਰੈਕਟਰ ਲੈਂਡ ਰਿਕਾਰਡ, ਸਰਕਾਰੀ ਸਪੋਰਟਸ ਸਕੂਲ ਦਾ ਦੌਰਾ ਕੀਤਾ, ਜਿਥੇ ਲੋਕ ਸਭਾ ਹਲਕਾ ਜਲੰਧਰ ਅਧੀਨ ਆਉਂਦੇ 9 ਵਿਧਾਨ ਸਭਾ ਹਲਕਿਆਂ ਲਈ ਸਟਰਾਂਗ ਰੂਮ ਅਤੇ ਗਿਣਤੀ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ। ਉਨ੍ਹਾਂ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਸਟਰਾਂਗ ਰੂਮ ਅਤੇ ਗਿਣਤੀ ਕੇਂਦਰਾਂ ਵਿਖੇ ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਮੁੱਚੇ ਲੋੜੀਂਦੇ ਪ੍ਰਬੰਧ ਯਕੀਨੀ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ। ਸਾਰੰਗਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਮਤਦਾਨ ਸਮਾਪਤ ਹੋਣ ਉਪਰੰਤ ਵੱਖ-ਵੱਖ ਵਿਧਾਨ ਸਭਾ ਹਲਕਿਆਂ ਤੋਂ ਲਿਆ ਕੇ ਈ.ਵੀ.ਐਮਜ਼. ਅਤੇ ਵੀ.ਵੀ.ਪੈਟਸ ਇਥੇ ਸਟਰਾਂਗ ਰੂਮਾਂ ਵਿੱਚ ਰੱਖੀਆਂ ਜਾਣਗੀਆਂ, ਜਿਨ੍ਹਾਂ ਨੂੰ ਗਿਣਤੀ ਵਾਲੇ ਦਿਨ ਗਿਣਤੀ ਕੇਂਦਰਾਂ ਵਿੱਚ ਲਿਆਂਦਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਵਿੱਚ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਦੀ ਵਚਨਬੱਧਤਾ ਦਹੁਰਾਉਂਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਪਹਿਲਾਂ ਹੀ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਸਮੁੱਚੀ ਚੋਣ ਪ੍ਰਕਿਰਿਆ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ।ਇਸ ਮੌਕੇ ਸਮੂਹ ਸਹਾਇਕ ਰਿਟਰਨਿੰਗ ਅਫ਼ਸਰ, ਚੋਣ ਤਹਿਸੀਲਦਾਰ ਸੁਖਦੇਵ ਸਿੰਘ, ਚੋਣ ਤਹਿਸੀਲਦਾਰ ਰਾਕੇਸ਼ ਕਾਨੂੰਨਗੋ ਆਦਿ ਵੀ ਮੌਜੂਦ ਸਨ।

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਪ੍ਰੀ-ਨਰਸਰੀ ਕਲਾਸਾਂ ਦੀ ਸ਼ੁਰੂਆਤ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)

ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰੀ-ਨਰਸਰੀ ਕਲਾਸ ਦੀ ਸ਼ੁਰੂਆਤ ਕੀਤੀ ਗਈ ਹੈ। ਪ੍ਰੀ-ਨਰਸਰੀ ਕਲਾਸ ਦਾ ਉਦਘਾਟਨ ਸਕੂਲ ਦੇ ਮੈਂਬਰ ਇੰਚਾਰਜ ਡਾ. ਪ੍ਰਭਜੋਤ ਕੌਰ (ਰਿਟਾਇਰਡ ਪ੍ਰਿੰਸੀਪਲ) ਅਤੇ ਇੰਦਰਜੀਤ ਸਿੰਘ (ਉੱਘੇ ਕਾਰੋਬਾਰੀ ਤੇ ਸਮਾਜ ਸੇਵੀ) ਨੇ ਕੀਤਾ। ਇਸ ਮੌਕੇ ਉਨ੍ਹਾਂ ਸਕੂਲ ਸਟਾਫ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਤੇ ਹਰ ਸੰਭਵ ਮਦਦ ਚੀਫ ਖਾਲਸਾ ਦੀਵਾਨ ਤੋਂ ਸਕੂਲ ਲਈ ਅਤੇ ਵਿਦਿਆਰਥੀਆਂ ਲਈ ਲਿਆਉਣ ਦਾ ਭਰੋਸਾ ਦਿੱਤਾ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਪ੍ਰੀ-ਨਰਸਰੀ ਕਲਾਸ ਦਾ ਨਿਰਮਾਣ ਕਰਵਾਇਆ ਗਿਆ ਹੈ ਜਿਸ ਨੂੰ ਆਧੁਨਿਕ ਦਿੱਖ ਪ੍ਰਦਾਨ ਕੀਤੀ ਗਈ ਹੈ। ਉਹਨਾਂ ਮਾਤਾ ਪਿਤਾ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਜਲਦੀ ਤੋਂ ਜਲਦੀ ਸਕੂਲ ਆ ਕੇ ਆਪਣੇ ਬੱਚਿਆਂ ਦੀ ਰਜਿਸਟਰੇਸ਼ਨ ਕਰਵਾਉਣ। ਇਸ ਮੌਕੇ ਨਿਸ਼ਾ ਗਰਗ, ਸਤਿੰਦਰ ਕੌਰ, ਰਜਿੰਦਰ ਕੌਰ, ਜਸਪ੍ਰੀਤ ਕੌਰ, ਕੰਵਲਜੀਤ ਕੌਰ, ਸ਼ਾਂਤੀ ਦੇਵੀ, ਅਮਰਜੀਤ ਕੌਰ ਸਮੇਤ ਸਮੁੱਚਾ ਸਕੂਲ ਸਟਾਫ ਹਾਜ਼ਰ ਸੀ।

ਗੁਪਤਾ ਪਰਵਾਰ ਨੂੰ ਸਦਮਾ, ਮੁਰਾਰੀ ਲਾਲ ਗੁਪਤਾ ਦਾ ਦੇਹਾਂਤ

ਸ਼ਾਹਕੋਟ (ਗਿਆਨ ਸੈਦਪੁਰੀ)-ਸ਼ਿਸ਼ਪਾਲ ਗੁਪਤਾ ਦੇ ਭਰਾ ਅਤੇ ਪੰਕਜ ਗੁਪਤਾ ਦੇ ਪਿਤਾ ਮੁਰਾਰੀ ਲਾਲ ਗੁਪਤਾ ਦਾ ਅਚਾਨਕ ਦੇਹਾਂਤ ਹੋ ਜਾਣ 'ਤੇ ਲਸੂੜੀ ਦੇ ਗੁਪਤਾ ਪਰਵਾਰ ਨੂੰ ਗਹਿਰਾ ਸਦਮਾ ਪੁੱਜਾ। ਮੰਗਲਵਾਰ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਲਸੂੜੀ ਦੇ ਸ਼ਮਸਾਨਘਾਟ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕਿਟ ਕਮੇਟੀ ਸ਼ਾਹਕੋਟ ਦੇ ਸਾਬਕਾ ਵਾਈਸ ਚੇਅਰਮੈਨ ਕਪਿਲ ਕੁਮਾਰ ਗੁਪਤਾ, ਕੱਚਾ ਅੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਪਵਨ ਅੱਗਰਵਾਲ, ਸੁਰਿੰਦਰ ਗੁਪਤਾ, ਬਲਕਾ

15-MAR-PAGE-10.qxd 3/14/2024 10:40 PM Page 1

ਢਾਬੀ ਗੁਜਰਾਂ ਬਾਰਡਰ 'ਤੇ ਮੀਂਹ ਤੇ ਗਰਮੀ ਦੇ ਮੱਦੇਨਜ਼ਰ ਕਿਸਾਨ ਮਕਾਨ ਉਸਾਰਨ ਲੱਗੇ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਗ਼ੈਰ-ਰਾਜਨੀਤਕ ਸੰਯੁਕਤ ਮੋਰਚੇ ਵੱਲੋਂ 13 ਫਰਵਰੀ ਤੋਂ ਢਾਬੀ ਗੁਜਰਾਂ ਪੰਜਾਬ, ਹਰਿਆਣਾ ਬਾਰਡਰ 'ਤੇ ਚੱਲ ਰਿਹੇ ਕਿਸਾਨ ਅੰਦੋਲਨ ਦੌਰਾਨ ਜਥੇਬੰਦੀ ਦੇ ਆਗੂਆਂ ਨੇ ਭਵਿੱਖ ਵਿੱਚ ਆਉਣ ਵਾਲੀਆਂ ਬਾਰਸ਼ਾਂ ਤੇ ਗਰਮੀ ਨੂੰ ਦੇਖਦੇ ਹੋਏ ਪੱਕੇ ਮਕਾਨ ਉਸਾਰਨੇ ਸ਼ੁਰੂ ਕਰ ਦਿੱਤੇ ਹਨ।ਕਿਸਾਨਾਂ ਦਾ ਮੰਨਣਾ ਹੈ ਕਿ ਹਾੜ੍ਹੀ ਦਾ ਸੀਜ਼ਨ ਆ ਰਿਹਾ ਹੈ, ਕਿਸਾਨਾਂ ਨੂੰ ਟਰੈਕਟਰ ਟਰਾਲੀਆਂ ਕਣਕ ਦੀ ਕਟਾਈ ਤੇ ਤੂੜੀ ਬਣਾਉਣ ਲਈ ਲੈ ਕੇ ਜਾਣੀਆਂ ਪੈਣੀਆਂ ਹਨ, ਇਸ ਲਈ ਉਨ੍ਹਾਂ ਵੱਲੋਂ ਅਗਾਊਂ ਪ੍ਰਬੰਧ ਕੀਤੇ ਜਾ ਰਹੇ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਮੋਦੀ ਸਰਕਾਰ ਉਨ੍ਹਾਂ ਦੀਆਂ ਹੱਕੀ ਮੰਗਾਂ ਨੂੰ ਪ੍ਰਵਾਨ ਨਹੀਂ ਕਰਦੀ ਤਾਂ ਉਹ ਲੋਕ ਸਭਾ ਚੋਣਾਂ ਦੌਰਾਨ ਵੀ ਮੋਰਚੇ 'ਤੇ ਬੈਠ ਕੇ ਕਿਸਾਨੀ ਅੰਦੋਲਨ ਦੀ ਜਿੱਤ ਦਾ ਇੰਤਜ਼ਾਰ ਕਰਨਗੇ।ਭਵਿੱਖ ਦੀ ਗਰਮੀ ਨੂੰ ਮੁੱਖ ਰੱਖਦਿਆਂ ਇਨ੍ਹਾਂ ਕਮਰਿਆਂ ਵਿੱਚ ਏਸੀ ਦਾ ਪ੍ਰਬੰਧ ਕੀਤਾ ਜਾਵੇਗਾ, ਕਿਸਾਨ ਆਗੂ ਬੈਠ ਕੇ ਪ੍ਰੈੱਸ ਕਾਨਫਰੰਸ ਤੇ ਹੋਰ ਵਿਚਾਰਾਂ ਕਰ ਸਕਣਗੇ।ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੇ ਆਗੂ ਮਨਧੀਰ ਸਿੰਘ, ਬੂਟਾ ਸਿੰਘ, ਸੋਨੂ ਗਰਮੂਲੀਆ ਨੇ ਦੱਸਿਆ ਹੈ ਕਿ ਕੇਂਦਰ ਤੇ ਹਰਿਆਣਾ ਸਰਕਾਰ ਜੇਕਰ ਕਿਸਾਨਾਂ ਨੂੰ ਦਿੱਲੀ ਨਹੀਂ ਜਾਣ ਦਿੰਦੀ ਤਾਂ ਕਿਸਾਨ ਦਿੱਲੀ ਦੀ ਤਰਜ਼ 'ਤੇ ਢਾਬੀ ਗੁਜਰਾਂ ਪੰਜਾਬ, ਹਰਿਆਣਾ ਬਾਰਡਰ 'ਤੇ ਪੱਕੇ ਰਹਿਣ ਬਸੇਰੇ ਬਣਾਉਣ ਦਾ ਮਨ ਹੀ ਨਹੀਂ ਬਣਾਇਆ, ਸਗੋਂ ਰਹਿਣ ਬਸੇਰੇ ਬਣਾਉਣੇ ਸ਼ੁਰੂ ਕਰ ਦਿੱਤੇ ਹਨ।ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਪੈਣ ਵਾਲੀ ਅੱਤ ਦੀ ਗਰਮੀ, ਮੀਂਹ, ਹਨੇਰੀ ਤੇ ਝੱਖੜਾਂ ਤੋਂ ਬਚਣ ਲਈ ਕਿਸਾਨਾਂ ਵੱਲੋਂ ਅਗਾਊ ਯੋਜਨਾ ਉਲੀਕੀ ਗਈ ਹੈ, ਜਿਸ ਦੀ ਸ਼ੁਰੂਆਤ ਉਨ੍ਹਾਂ ਨੇ ਲੋਹੇ ਦੀਆਂ ਪਾਈਪਾਂ ਨਾਲ ਪੱਕਾ ਮਕਾਨ ਬਣਾ ਕੇ ਕੀਤੀ ਹੈ ਤੇ ਹੋਰ ਬਹੁਤ ਸਾਰੇ ਕਿਸਾਨ ਨੇ ਦਿੱਲੀ ਬਣਾਏ ਗਏ ਪੱਕੇ ਮਕਾਨਾਂ ਦਾ ਮਲਬਾ ਘਰਾਂ ਵਿੱਚੋਂ ਚੱਕ ਕੇ ਉਕਤ ਬਾਰਡਰ 'ਤੇ ਲਿਆਉਣਾ ਸ਼ੁਰੂ ਕਰ ਦਿੱਤਾ ਹੈ।ਹੁਣ ਸਪੱਸ਼ਟ ਕੀਤਾ ਹੈ ਕਿ ਕਿਸਾਨਾਂ ਨੂੰ ਹਾੜ੍ਹੀ ਦੇ ਸੀਜ਼ਨ ਦੌਰਾਨ ਟਰੈਕਟਰ ਟਰਾਲੀਆਂ ਦੀ ਕਣਕ ਦੀ ਕਟਾਈ ਤੇ ਤੂੜੀ ਬਣਾਉਣ ਲਈ ਲੋੜ ਪੈਂਦੀ ਹੈ, ਕਿਸਾਨਾਂ ਨੇ ਕਣਕ ਦੀ ਕਟਾਈ ਤੋਂ ਪਹਿਲਾਂ ਹੀ ਆਪਣੇ ਸਾਧਨਾਂ ਨੂੰ ਵਿਹਲਾ ਕਰਨ ਤੇ ਮੋਰਚੇ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਦੀ ਪਹਿਲ ਕਦਮੀ ਸ਼ੁਰੂ ਕਰ ਦਿੱਤੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਤੇ ਹਰਿਆਣਾ ਸਰਕਾਰ ਨੂੰ ਇਹ ਗੱਲ ਆਪਣੇ ਦਿਲ ਦਿਮਾਗ ਵਿੱਚੋਂ ਕੱਢ ਦੇਣੀ ਚਾਹੀਦੀ ਹੈ ਕਿ ਕਿਸਾਨ ਸੀਜ਼ਨ ਦੌਰਾਨ ਉੱਠ ਕੇ ਆਪਣੇ ਘਰਾਂ ਨੂੰ ਚਲੇ ਜਾਣਗੇ ਤੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਚਲਦਾ ਹੋ ਜਾਵੇਗਾ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਕੋਲ ਦਿੱਲੀ ਵਿਖੇ ਬਣਾਏ ਗਏ ਪੱਕੇ ਮਕਾਨ ਦਾ ਮਲਬਾ ਘਰਾਂ ਵਿੱਚ ਪਿਆ ਹੈ, ਜਿਸ ਨੂੰ ਹੁਣ ਬਾਰਡਰ 'ਤੇ ਫਿੱਟ ਕੀਤਾ ਜਾ ਰਿਹਾ ਹੈ, ਜਦੋਂ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨ ਲਵੇਗੀ ਤਾਂ ਉਹ ਜਿੱਤ ਦੇ ਨਾਹਰਿਆਂ ਦੀ ਗੂੰਜ ਵਿੱਚ ਮਲਬੇ ਨੂੰ ਖੋਲ੍ਹ ਕੇ ਲੈ ਜਾਣਗੇ।

ਨੂਰਪੁਰ 'ਚ ਰੋਕੀ ਗਈ ਘਰ 'ਚ ਹੋਣ ਜਾ ਰਹੀ ਡਲਿਵਰੀ

■ ਗਰਭਵਤੀ ਨੂੰ ਸੁਰੱਖਿਅਤ ਜਣੇਪੇ ਲਈ ਪੁਚਾਇਆ ਸਿਹਤ ਕੇਂਦਰ

ਐਂਬੂਲੈਂਸ ਰਾਹੀਂ ਮਰੀਜ਼ ਨੂੰ ਹਸਪਤਾਲ ਭੇਜਦੇ ਡਾਕਟਰ ਰੇਖਾ।

ਫ਼ਿਰੋਜ਼ਪੁਰ (ਜਸਬੀਰ ਸਿੰਘ ਕੰਬੋਜ)-ਘਰਾਂ ਵਿੱਚ ਹੋ ਰਹੇ ਜਣੇਪੇ ਨੂੰ ਰੋਕਣ ਲਈ ਸਿਹਤ ਵਿਭਾਗ ਵੱਲੋਂ ਹਰ ਤਰਾਂ ਦੀਆਂ ਸੰਭਵ ਕੋਸ਼ਿਸ਼ਾਂ ਕਰਦਿਆਂ ਜਿਥੇ ਗਰਭਵਤੀ ਮਹਿਲਾ ਤੇ ਪਰਵਾਰਕ ਮੈਂਬਰ ਨੂੰ ਜੱਚਾ-ਬੱਚਾ ਦੀ ਤੰਦਰੁਸਤੀ ਲਈ ਸਰਕਾਰੀ ਹਸਪਤਾਲ ਵਿੱਚ ਜਣੇਪਾ ਕਰਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਉਥੇ ਦਵਾਈਆਂ ਨੂੰ ਵੀ ਸਖਤ ਤਾੜਨਾ ਕੀਤੀ ਜਾ ਰਹੀ ਹੈ ਤਾਂ ਜੁ ਘਰਾਂ ਵਿੱਚ ਹੋ ਰਹੇ ਜਣੇਪੇ ਨੂੰ ਰੋਕਿਆ ਜਾ ਸਕੇ।ਇਸ ਦੇ ਚੱਲਦਿਆਂ ਹੀ ਪਿੰਡ ਨੂਰਪੁਰ ਸੇਠਾਂ ਵਿਖੇ ਗਰਭਵਤੀ ਔਰਤ ਦੀ ਡਲਿਵਰੀ ਦਾ ਕੇਸ ਇੱਕ ਦਾਈ ਵੱਲੋਂ ਕੀਤੇ ਜਾਣ ਦਾ ਪਤਾ ਲੱਗਦਿਆਂ ਹੀ ਸਿਹਤ ਵਿਭਾਗ ਦੀ ਟੀਮ ਨੇ ਡਾ. ਰੇਖਾ ਭੱਟੀ, ਮੈਡੀਕਲ ਅਫ਼ਸਰ ਦੀ ਅਗਵਾਈ ਹੇਠ ਪਿੰਡ ਵਿੱਚ ਪਹੁੰਚ ਕਰਕੇ ਗਰਭਵਤੀ ਮਹਿਲਾ ਦੇ ਪਰਵਾਰ ਨਾਲ ਰਾਬਤਾ ਕਾਇਮ ਕੀਤਾ ਤੇ ਦਾਈ ਦੇ ਘਰ ਪੁੱਜ ਕੇ ਗਰਭਵਤੀ ਨੂੰ ਉਸ ਦੀ ਸਿਹਤ ਤੇ ਹੋਣ ਵਾਲੇ ਬੱਚੇ ਦੀ ਸਿਹਤ ਪ੍ਰਤੀ ਸੁਹਿਰਦ ਕਰਦਿਆਂ ਜਿੱਥੇ ਤੁਰੰਤ ਸਰਕਾਰੀ ਹਸਪਤਾਲ ਵਿਖੇ 108 ਐਂਬੂਲੈਂਸ ਬੁਲਾ ਕੇ ਸਿਫ਼ਟ ਕਰਾਇਆ, ਉਥੇ ਦਾਈ ਨੂੰ ਸਿਹਤ ਅਮਲੇ ਨਾਲ ਸਹਿਯੋਗ ਕਰਨ ਦੀ ਹਦਾਇਤ ਕੀਤੀ ਤਾਂ ਜੁ ਘਰ ਵਿੱਚ ਜਣੇਪਾ ਰੋਕਿਆ ਜਾ ਸਕੇ।ਡਾਕਟਰ ਰੇਖਾ ਮੈਡੀਕਲ ਅਫ਼ਸਰ ਨੇ ਕਿਹਾ ਕਿ ਸਰਕਾਰ ਵੱਲੋਂ ਸਖਤ ਕਾਨੂੰਨ ਵੀ ਬਣਾਏ ਗਏ ਹਨ ਅਤੇ ਸਮੇਂ-ਸਮੇਂ 'ਤੇ ਲੋਕਾਂ ਨੂੰ ਇਸ ਪ੍ਰਤੀ ਜਾਗਰੂਕ ਵੀ ਕੀਤਾ ਜਾ ਰਿਹਾ ਹੈ, ਪਰ ਫਿਰ ਵੀ ਘਰ ਵਿੱਚ ਡਲਿਵਰੀਆਂ ਹੋ ਰਹੀਆਂ ਹਨ, ਜਿਸ ਨੂੰ ਰੋਕਣ ਲਈ ਸਿਹਤ ਅਮਲਾ ਤਤਪਰ ਹੈ।ਉਨ੍ਹਾਂ ਕਿਹਾ ਕਿ ਸਬੰਧਤ ਦਾਈ ਨੂੰ ਵੀ ਹਦਾਇਤ ਕੀਤੀ ਗਈ ਕਿ ਉਹ ਭਵਿੱਖ ਵਿੱਚ ਜੱਚਾ-ਬੱਚਾ ਦੀ ਸਿਹਤ ਨੂੰ ਦੇਖਦੇ ਹੋਏ ਕਦੇ ਵੀ ਘਰ ਵਿਚ ਡਲੀਵਰੀ ਨਾ ਕਰੇ।ਡਾ. ਰੇਖਾ ਭੱਟੀ ਨੇ ਦੱਸਿਆ ਕਿ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਜਿਥੇ ਸਰਕਾਰੀ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਵੱਲੋਂ ਗਰਭਵਤੀ ਔਰਤਾਂ ਦਾ ਮੁਫਤ ਇਲਾਜ ਕੀਤਾ ਜਾਂਦਾ ਹੈ, ਉਥੇ ਪਿੰਡਾਂ ਵਿਚ ਕੰਮ ਕਰਦੇ ਡਾਕਟਰ ਅਤੇ ਪੈਰਾ ਮੈਡੀਕਲ ਸਟਾਫ਼ ਸਮੇਤ ਆਸ਼ਾ ਵਰਕਰਾਂ ਵੱਲੋਂ ਸਮੇਂ-ਸਮੇਂ 'ਤੇ ਗਰਭਵਤੀ ਔਰਤ ਦੇ ਘਰ ਪੁੱਜ ਕੇ ਉਸ ਦੀ ਤੇ ਉਸਦੇ ਹੋਣ ਵਾਲੇ ਬੱਚੇ ਦੀ ਤੰਦਰੁਸਤੀ ਲਈ ਚੈੱਕਅਪ ਕਰਕੇ ਦਵਾਈਆਂ ਮੁਹੱਈਆ ਕਰਾਈਆਂ ਜਾਂਦੀਆਂ ਹਨ।

ਆਈ ਐੱਸ ਐੱਫ ਕਾਲਜ ਵੱਲੋਂ ਯੂਥ ਫੈਸਟ ਦਾ ਪੋਸਟਰ ਜਾਰੀ

ਮੋਗਾ (ਇਕਬਾਲ ਸਿੰਘ ਖਹਿਰਾ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ ਐੱਸ ਐੱਫ ਕਾਲਜ ਆਫ਼ ਫਾਰਮੇਸੀ ਵਿਖੇ 17 ਮਾਰਚ ਨੂੰ ਯੂਥ ਫੈਸਟ 2024 ਕੀਤਾ ਜਾ ਰਿਹਾ ਹੈ, ਜਿਸ ਦਾ ਪੋਸਟਰ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਡਾਇਰੈਕਟਰ ਡਾ. ਜੀ ਡੀ ਗੁਪਤਾ, ਆਈ ਐੱਸ ਐੱਫ ਸੀ ਪੀ ਆਰ ਦੇ ਪ੍ਰਿੰਸੀਪਲ ਡਾ. ਆਰ ਕੇ ਨਾਰੰਗ, ਕੋਆਰਡੀਨੇਟਰ ਸੀਮਾ ਬਰਾੜ ਤੇ ਸਮੂਹ ਵਿਭਾਗਾਂ ਦੇ ਐੱਚ ਓ ਡੀਜ਼ ਨੇ ਸਾਂਝੇ ਤੌਰ 'ਤੇ ਜਾਰੀ ਕੀਤਾ। ਡਾ. ਜੀ ਡੀ ਗੁਪਤਾ ਨੇ ਦੱਸਿਆ ਕਿ ਯੂਥ ਫੈਸਟ 2024 ਦਾ ਆਯੋਜਨ ਜਾਗ੍ਰਿਤੀ ਇੱਕ ਅਹਿਸਾਸ ਦੇ ਥੀਮ 'ਤੇ ਬੂਸਟ ਯੂਅਰ ਮਾਈਂਡ ਐਂਡ ਬਾਡੀ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦਾ ਮਨ, ਦਿਮਾਗ ਤੇ ਸਰੀਰ ਪੂਰੀ ਤਰ੍ਹਾਂ ਤੰਦਰੁਸਤ ਰਹਿਣਾ ਹੈ। ਇਸ ਯੁਵਕ ਮੇਲੇ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਮੁੱਖ ਸਮਾਗਮ 17 ਮਾਰਚ ਨੂੰ ਸਵੇਰੇ 10 ਵਜੇ ਸੰਸਥਾ ਦੇ ਅਹਾਤੇ ਵਿੱਚ ਸਥਿਤ ਬਲਦੇਵ ਕ੍ਰਿਸ਼ਨ ਆਡੀਟੋਰੀਅਮ ਹਾਲ ਵਿੱਚ ਹੋਵੇਗਾ।

ਐੱਸ ਡੀ ਐੱਮ ਰਵਿੰਦਰ ਸਿੰਘ ਦਾ ਭਰਵਾਂ ਸਵਾਗਤ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਪੰਜਾਬ ਸਰਕਾਰ ਵੱਲੋਂ ਸਿਵਲ ਪ੍ਰਸ਼ਾਸਨ ਵਿੱਚ ਕੀਤੇ ਗਏ ਤਬਾਦਲਿਆਂ ਦੌਰਾਨ ਪਾਤੜਾਂ ਦੇ ਐੱਸ ਡੀ ਐੱਮ ਸ਼੍ਰੀਮਤੀ ਮਨਜੀਤ ਕੌਰ ਦੇ ਤਬਾਦਲੇ ਉਪਰੰਤ ਪਟਿਆਲਾ ਵਿਖੇ ਬਤੌਰ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਦੇ ਅਹੁਦੇ 'ਤੇ ਤਾਇਨਾਤ ਰਵਿੰਦਰ ਸਿੰਘ ਪੀ ਸੀ ਐੱਸ ਨੂੰ ਪਾਤੜਾਂ ਵਿਖੇ ਬਤੌਰ ਉੱਪ ਮੰਡਲ ਮੈਜਿਸਟ੍ਰੇਟ ਨਿਯੁਕਤ ਕੀਤਾ ਗਿਆ ਹੈ।ਨਵੇਂ ਆਏ ਐੱਸ ਡੀ ਐੱਮ ਰਵਿੰਦਰ ਸਿੰਘ ਦਾ ਐੱਸ ਸੀ ਐੱਡ ਬੀ ਸੀ ਕਰਮਚਾਰੀ ਫੈਡਰੇਸ਼ਨ ਪਟਿਆਲਾ ਦੇ ਪ੍ਰਧਾਨ ਬੂਟਾ ਰਾਮ ਸ਼ੁਤਰਾਣਾ ਵੱਲੋਂ ਗੁਲਦਸਤਾ ਦੇ ਕੇ ਭਰਵਾਂ ਸਵਾਗਤ ਕੀਤਾ ਗਿਆ।

ਲੋਕ ਸੇਵਾ ਸੁਸਾਇਟੀ ਨੇ ਲਾਜਪਤ ਰਾਏ ਕਾਲਜ ਨੂੰ ਸੋਲਰ ਲਾਈਟਾਂ ਦਿੱਤੀਆਂ

ਜਗਰਾਉਂ (ਅਮਿਤ ਖੰਨਾ)-ਲੋਕ ਸੇਵਾ ਸੁਸਾਇਟੀ ਵੱਲੋਂ ਲਾਜਪਤ ਰਾਏ ਡੀ ਏ ਵੀ ਕਾਲਜ ਜਗਰਾਉਂ ਨੂੰ ਸੋਲਰ ਲਾਈਟਾਂ ਦਿੱਤੀਆਂ ਗਈਆਂ।ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਡੀ ਏ ਵੀ ਕਾਲਜ ਨੂੰ ਸੋਲਰ ਲਾਈਟਾਂ ਦੇਣ ਸਮੇਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਕਾਲਜ ਕੰਪਿਊਟਰ ਚੇਅਰ, ਵਿਦਿਆਰਥੀਆਂ ਨੂੰ ਸਕਾਲਰਸ਼ਿਪ ਤੇ ਹੋਰ ਸਾਮਾਨ ਲੋੜੀਂਦਾ ਸਾਮਾਨ ਮੁਹੱਈਆ ਕਰਵਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਕਾਲਜ ਵੱਲੋਂ ਜਦ ਵੀ ਕੋਈ ਮੰਗ ਸੁਸਾਇਟੀ ਕੋਲ ਰੱਖੀ ਜਾਂਦੀ ਹੈ ਤਾਂ ਸੁਸਾਇਟੀ ਹਮੇਸ਼ਾ ਹੀ ਇਹ ਕੋਸ਼ਿਸ਼ ਕਰਦੀ ਹੈ ਕਿ ਜਲਦ ਤੋਂ ਜਲਦ ਉਨ੍ਹਾਂ ਦੀ ਮੰਗ ਨੂੰ ਪੂਰਾ ਕੀਤਾ ਜਾਵੇ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾਕਟਰ ਅਨੁਜ ਸ਼ਰਮਾ ਤੇ ਚੇਅਰਮੈਨ ਰਾਜ ਕੁਮਾਰ ਭੱਲਾ ਨੇ ਸੁਸਾਇਟੀ ਮੈਂਬਰਾਂ ਦਾ ਕਾਲਜ ਦੀ ਹਮੇਸ਼ਾ ਹੀ ਸਹਾਇਤਾ ਕਰਨ ਲਈ ਧੰਨਵਾਦ ਕਰਦੇ ਹੋਏ ਕਿਹਾ ਕਿ ਕਾਲਜ ਨੂੰ ਸੋਲਰ ਲਾਈਟਾਂ ਦੀ ਹੋਰ ਜ਼ਰੂਰਤ ਹੈ ਤਾਂ ਮੌਕੇ 'ਤੇ ਹੀ ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਨੇ ਐਲਾਨ ਕੀਤਾ ਕਿ ਜਲਦ ਹੀ ਕਾਲਜ ਨੂੰ ਜਿੰਨੀਆਂ ਹੋਰ ਸੋਲਰ ਲਾਈਟਾਂ ਚਾਹੀਦੀਆਂ ਹਨ, ਮਿਲ ਜਾਣਗੀਆਂ।ਉਨ੍ਹਾਂ ਕਾਲਜ ਦੇ 20 ਵਿਦਿਆਰਥੀਆਂ ਨੂੰ ਇਸ ਸਾਲ ਫਿਰ ਸਕਾਲਰਸ਼ਿਪ ਦੇਣ ਦਾ ਐਲਾਨ ਵੀ ਕੀਤਾ।ਇਸ ਮੌਕੇ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ, ਪ੍ਰੋਜੈਕਟ ਚੇਅਰਮੈਨ ਕੰਵਲ ਕੱਕੜ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਮੁਕੇਸ਼ ਗੁਪਤਾ, ਅਨਿਲ ਮਲਹੋਤਰਾ, ਵਿਨੋਦ ਬਾਂਸਲ, ਆਰ ਕੇ ਗੋਇਲ, ਪ੍ਰੇਮ ਬਾਂਸਲ ਸਮੇਤ ਪ੍ਰੋਫੈਸਰ ਵਿਕਾਸ ਮਹਿੰਦੀ ਰੱਤਾ, ਸੁਸ਼ਮਾ ਰਾਣੀ ਤੇ ਕਾਲਜ ਦਾ ਸਟਾਫ਼ ਹਾਜ਼ਰ ਸੀ।

ਵਿਧਾਇਕ ਦਿਆਲਪੁਰਾ ਨੇ ਸ਼ਹਿਰ 'ਚ ਵਿਕਾਸ ਕਾਰਜ ਕਰਵਾਏ ਆਰੰਭ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਇਤਿਹਾਸਕ ਸ਼ਹਿਰ ਮਾਛੀਵਾੜਾ ਸਾਹਿਬ ਦੀ ਨੁਹਾਰ ਬਦਲਣ ਲਈ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵੱਲੋਂ 1 ਕਰੋੜ ਰੁਪਏ ਦੀ ਲਾਗਤ ਨਾਲ ਵੱਖ-ਵੱਖ ਥਾਵਾਂ 'ਤੇ ਵਿਕਾਸ ਕਾਰਜ ਆਰੰਭ ਕਰਵਾ ਦਿੱਤੇ ਹਨ। ਇਨ੍ਹਾਂ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਦਿੰਦਿਆਂ ਵਿਧਾਇਕ ਦਿਆਲਪੁਰਾ ਨੇ ਦੱਸਿਆ ਕਿ ਗੁਰੂ ਰਵਿਦਾਸ ਪਾਰਕ ਵਿੱਚ ਨੌਜਵਾਨਾਂ ਤੇ ਬੱਚਿਆਂ ਲਈ ਨਵਾਂ ਜਿੰਮ ਲਗਾਇਆ ਜਾ ਰਿਹਾ ਹੈ, ਜਿੱਥੇ ਉਹ ਕਸਰਤ ਕਰ ਨਸ਼ਿਆਂ ਤੋਂ ਦੂਰ ਰਹਿਣ ਸਕਣਗੇ। ਇਸ ਤੋਂ ਇਲਾਵਾ ਚੌਹਾਨ ਕਾਲੋਨੀ, ਨਾਗਰਾ ਤੋਂ ਸ੍ਰ. ਪੈਲੇਸ ਵਿਚਕਾਰ ਵਾਲੀ ਗਲੀ ਤੇ ਖੋਸਲਾ ਮਾਰਕੀਟ ਵਿੱਚ ਇੰਟਰਲਾਕ ਨਾਲ ਬਣਨ ਵਾਲੀਆਂ ਨਵੀਆਂ ਸੜਕਾਂ ਦਾ ਨਿਰਮਾਣ ਆਰੰਭ ਕਰਵਾਇਆ ਗਿਆ। ਵਿਧਾਇਕ ਨੇ ਦੱਸਿਆ ਕਿ ਇਤਿਹਾਸਕ ਸ਼ਹਿਰ ਮਾਛੀਵਾੜਾ ਵਿੱਚ ਜੋ ਵੀ ਹੋਰ ਵਿਕਾਸ ਕਾਰਜ ਹੋਣਗੇ, ਉਹ ਲੋਕਾਂ ਦੀ ਮੰਗ ਅਨੁਸਾਰ ਪਹਿਲ ਦੇ ਅਧਾਰ 'ਤੇ ਕਰਵਾਏ ਜਾਣਗੇ। ਇਸ ਮੌਕੇ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਨਗਰ ਕੌਂਸਲ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਤੁਰੰਤ ਉਨ੍ਹਾਂ ਦਾ ਹੱਲ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ 'ਆਪ' ਆਗੂ ਸੁਖਵਿੰਦਰ ਸਿੰਘ ਗਿੱਲ, ਖੱਤਰੀ ਸਭਾ ਦੇ ਸੀਨੀਅਰ ਉੱਪ ਪ੍ਰਧਾਨ ਮੋਹਿਤ ਕੁੰਦਰਾ, ਪ੍ਰਵੀਨ ਮੱਕੜ, ਜਗਮੀਤ ਸਿੰਘ ਮੱਕੜ, ਬਲਵਿੰਦਰ ਸਿੰਘ ਮਾਨ, ਰਾਜੀਵ ਕੌਸ਼ਲ, ਜਸਵੀਰ ਸਿੰਘ ਗਿੱਲ, ਦਲੀਪ ਸਿੰਘ ਮੱਲ੍ਹੀ, ਲਵਦੀਪ ਲਵੀ, ਲੱਕੀ ਰਾਣਾ, ਨਰਿੰਦਰਪਾਲ ਨਿੰਦੀ, ਲੱਕੀ ਨਾਗਰਾ, ਪ੍ਰਿਤਪਾਲ ਸਿੰਘ, ਸੁਖਦੇਵ ਸਿੰਘ ਬਿੱਟੂ, ਕਰਨਵੀਰ ਸਿੰਘ ਨਾਗਰਾ, ਦਰਸ਼ਨ ਸਿੰਘ ਮੌਜੂਦ ਸਨ।

ਜਮਹੂਰੀ ਕਿਸਾਨ ਸਭਾ ਪੰਜਾਬ ਦਾ ਜੱਥਾ ਦਿੱਲੀ ਰਵਾਨਾ

ਲੁਧਿਆਣਾ (ਐੱਮ ਐੱਸ ਭਾਟੀਆ)-ਦਿੱਲੀ ਦੇ ਰਾਮਲੀਲ੍ਹਾ ਗਰਾਊਂਡ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੀ ਜਾ ਰਹੀ ਕਿਸਾਨਾਂ ਦੀ ਮਹਾਂ ਪੰਚਾਇਤ ਵਿੱਚ ਸ਼ਾਮਲ ਹੋਣ ਲਈ ਜਮਹੂਰੀ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਲੁਧਿਆਣਾ ਦਾ ਜੱਥਾ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਕੋਟਉਮਰਾ ਦੀ ਅਗਵਾਈ ਹੇਠ ਰੇਲਵੇ ਸਟੇਸ਼ਨ ਲੁਧਿਆਣਾ ਤੋਂ ਰਵਾਨਾ ਹੋਇਆ। ਇਸ ਮੌਕੇ ਸੰਬੋਧਨ ਕਰਦਿਆਂ ਸੂਬਾਈ ਆਗੂਆਂ ਜਗਤਾਰ ਸਿੰਘ ਚਕੌਹੀ, ਗੁਰਮੇਲ ਸਿੰਘ ਰੂਮੀ, ਸੁਖਵਿੰਦਰ ਸਿੰਘ ਰ

15-MAR-PAGE-11-2024.qxd 3/14/2024 10:58 PM Page 1

ਕਿਸਾਨ, ਮਜ਼ਦੂਰ ਜਥੇਬੰਦੀ ਵੱਲੋਂ ਭਾਜਪਾ ਆਗੂਆਂ ਨੂੰ ਕਾਲੇ ਝੰਡੇ ਵਿਖਾਉਣ ਦਾ ਫੈਸਲਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਆਗੂ ਸਤਨਾਮ ਸਿੰਘ ਪੰਨੂ ਤੇ ਦਫ਼ਤਰ ਸਕੱਤਰ ਗੁਰਬਚਨ ਸਿੰਘ ਚੱਬਾ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਦੇਸ਼ ਵਿਆਪੀ ਕਿਸਾਨ ਅੰਦੋਲਨ ਅੱਜ 31ਵੇਂ ਦਿਨ ਵਿੱਚ ਸ਼ਾਮਲ ਹੋ ਗਿਆ ਤੇ ਦੇਸ਼ ਭਰ ਵਿੱਚ ਲੋਕ ਲਹਿਰ ਮਜ਼ਬੂਤ ਹੋ ਰਹੀ ਹੈ। ਜਥੇਬੰਦੀ ਵੱਲੋਂ ਪੰਜਾਬ ਦੇ 18 ਜ਼ਿਲ੍ਹਿਆਂ ਵਿੱਚ ਅੱਜ ਤੋਂ ਲੈ ਕੇ 22 ਮਾਰਚ ਤੱਕ ਵਿਸ਼ਾਲ ਇਕੱਠ ਰੱਖ ਲਏ ਗਏ ਹਨ। 14 ਮਾਰਚ ਨੂੰ ਮੋਗਾ,15 ਮਾਰਚ ਨੂੰ ਕਪੂਰਥਲਾ, 16,17,18 ਮਾਰਚ ਨੂੰ ਤਰਨ ਤਾਰਨ 19 ਮਾਰਚ ਨੂੰ ਮੁਕਤਸਰ, 20 ਮਾਰਚ ਨੂੰ ਫਾਜ਼ਿਲਕਾ,21 ਮਾਰਚ ਨੂੰ ਫਰੀਦਕੋਟ,22 ਮਾਰਚ ਨੂੰ ਫਿਰੋਜ਼ਪੁਰ ਆਦਿ ਵਿੱਚ ਹਜ਼ਾਰਾਂ ਕਿਸਾਨ, ਮਜ਼ਦੂਰ, ਬੀਬੀਆਂ ਨੌਜਵਾਨਾਂ ਦੀਆਂ ਮਹਾਂ ਪੰਚਾਇਤਾਂ ਵਿੱਚ ਮਤੇ ਪਾਸ ਕਰਕੇ ਭਾਜਪਾ ਤੇ ਉਸ ਦੇ ਭਾਈਵਾਲਾਂ ਦੇ ਆਗੂਆਂ ਨੂੰ ਪਿੰਡਾਂ ਵਿੱਚ ਕਾਲੇ ਝੰਡੇ ਦਿਖਾਉਣ ਦੇ ਮਤੇ ਪਾਸ ਕੀਤੇ ਜਾਣਗੇ ਤੇ ਇਸ ਅੰਦੋਲਨ ਦੇ ਸ਼ਹੀਦ ਸ਼ੁਭਕਰਨ ਸਿੰਘ ਸਮੇਤ ਸਾਰੇ ਸ਼ਹੀਦਾਂ ਦੀਆਂ ਫੋਟੋਆਂ ਵਾਲੇ ਬੈਨਰਾਂ 'ਤੇ 12 ਸੂਤਰੀ ਮੰਗ ਪੱਤਰ ਲਿਖ ਕੇ ਉਹ ਪਿੰਡਾਂ ਦੇ ਚੌਰਾਹਿਆਂ ਵਿੱਚ ਲਗਾਏ ਜਾਣਗੇ। ਦੋਨਾਂ ਫੋਰਮਾਂ ਵੱਲੋਂ ਦਿੱਤੇ ਗਏ ਸੱਦੇ ਨੂੰ ਪੂਰੀ ਤਨਦੇਹੀ ਨਾਲ ਲਾਗੂ ਕੀਤਾ ਜਾਵੇਗਾ ਤੇ ਇਹ ਲਹਿਰ ਭਾਜਪਾ ਤੇ ਉਸ ਦੇ ਭਾਈਵਾਲਾਂ ਖਿਲਾਫ ਦੇਸ਼ ਦੇ 21 ਸੂਬਿਆਂ ਵਿੱਚ ਪੂਰੇ ਜ਼ੋਰਦਾਰ ਢੰਗ ਨਾਲ ਚੱਲੇਗੀ। ਕਿਸਾਨ ਆਗੂਆਂ ਨੇ ਕਿਸਾਨ-ਮਜ਼ਦੂਰ ਵਿਰੋਧੀ ਕਾਰਪੋਰੇਟ ਪੱਖੀ, ਲੋਕਾਂ ਨੂੰ ਧਰਮਾਂ ਫਿਰਕਿਆਂ ਵਿੱਚ ਵੰਡਣ ਵਾਲੀ ਮੋਦੀ ਸਰਕਾਰ ਖਿਲਾਫ ਚੱਲ ਰਹੇ ਲੋਕ ਅੰਦੋਲਨ ਨੂੰ ਮਜ਼ਬੂਤ ਕਰਨ ਦਾ ਸੱਦਾ ਦੇਸ਼ ਤੇ ਪੰਜਾਬ ਵਾਸੀਆਂ ਨੂੰ ਦਿੰਦਿਆਂ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਇਨ੍ਹਾਂ ਨੂੰ ਸਬਕ ਸਿਖਾਉਣ ਦੀ ਅਪੀਲ ਕੀਤੀ। ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ 23 ਫਸਲਾਂ ਦੀ ਖਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ, ਕਿਸਾਨਾਂ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖ਼ਤਮ ਕਰਨ, ਡਾ. ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ 'ਚ ਲਾਗੂ ਕਰਨ, 58 ਸਾਲਾਂ ਤੋਂ ਵੱਧ ਉਮਰ ਦੇ ਕਿਸਾਨਾਂ ਮਜ਼ਦੂਰਾਂ ਨੂੰ 10 ਹਜ਼ਾਰ ਬੁਢਾਪਾ ਪੈਨਸ਼ਨ ਦੇਣ ਸਮੇਤ ਸਾਰੀਆਂ ਮੰਗਾਂ ਤੁਰੰਤ ਮੰਨੀਆਂ ਜਾਣ।

ਆਟੋ ਡਰਾਈਵਰਾਂ ਦੇ ਲਾਇਸੰਸਾਂ ਸੰਬੰਧੀ ਵਿਸ਼ੇਸ਼ ਕੈਂਪ ਅੱਜ ਤੇ ਭਲਕੇ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਅੰਮ੍ਰਿਤਸਰ ਸ਼ਹਿਰ ਦੇ ਟ੍ਰੈਫਿਕ ਪ੍ਰਬੰਧ ਨੂੰ ਸੁਚਾਰੂ ਰੂਪ ਦੇਣ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਾਰੇ ਆਟੋ ਡਰਾਈਵਰਾਂ ਦੇ ਡਰਾਈਵਿੰਗ ਲਾਇਸੰਸ ਬਣਾਉਣ ਦਾ ਕੰਮ ਵੱਡੇ ਪੱਧਰ 'ਤੇ ਸ਼ੁਰੂ ਕੀਤਾ ਗਿਆ ਹੈ। ਇਸ ਲਈ ਸੈਕਟਰੀ ਆਰ.ਟੀ.ਏ. ਅਰਸ਼ਦੀਪ ਸਿੰਘ ਵਲੋਂ ਆਟੋ ਡਰਾਈਵਰਾਂ ਦੇ ਲਾਇਸੰਸ ਬਣਾਉਣ ਲਈ 15 ਅਤੇ 16 ਮਾਰਚ ਨੂੰ ਵਿਸ਼ੇਸ਼ ਕੈਂਪ ਬੱਸ ਅੱਡਾ ਅੰਮ੍ਰਿਤਸਰ ਵਿਖੇ ਲਗਾਏ ਜਾ ਰਹੇ ਹਨ। ਜਿੱਥੇ ਮੌਕੇ 'ਤੇ ਡਰਾਈਵਿੰਗ ਲਾਇਸੰਸ ਅਪਲਾਈ ਕੀਤੇ ਜਾ ਸਕਣਗੇ।

ਇਸ ਬਾਰੇ ਜਾਣਕਾਰੀ ਦਿੰਦੇ ਅਰਸ਼ਦੀਪ ਸਿੰਘ ਨੇ ਦੱਸਿਆ ਕਿ ਸਾਡੀ ਕੋਸ਼ਿਸ਼ ਹੈ ਕਿ ਬਿਨਾਂ ਕਿਸੇ ਖੱਜਲ ਖੁਆਰੀ ਦੇ ਲੋੜਵੰਦ ਅਤੇ ਯੋਗ ਵਿਅਕਤੀਆਂ ਦੇ ਡਰਾਈਵਿੰਗ ਲਾਇਸੰਸ ਬਣਾਏ ਜਾਣ। ਇਸ ਲਈ ਅਸੀਂ ਆਟੋ ਡਰਾਈਵਰਾਂ ਦੇ ਲਾਇਸੰਸ ਬਣਾਉਣ ਲਈ ਉਨ੍ਹਾਂ ਦੇ ਕੋਲ ਭਾਵ ਬੱਸ ਸਟੈਂਡ ਅੰਮ੍ਰਿਤਸਰ ਵਿਖੇ ਬੈਠ ਕੇ ਇਹ ਕੰਮ ਕਰਨ ਜਾ ਰਹੇ ਹਾਂ। ਉਨ੍ਹਾਂ ਸਾਰੇ ਆਟੋ ਡਰਾਈਵਰਾਂ ਨੂੰ ਅਪੀਲ ਕੀਤੀ ਕਿ ਜੋ ਵੀ ਵਿਅਕਤੀ ਡਰਾਈਵਿੰਗ ਲਾਇਸੰਸ ਬਣਾਉਣਾ ਚਾਹੁੰਦਾ ਹੈ, ਉਹ ਆਪਣੇ ਦਸਤਾਵੇਜ਼ ਲੈ ਕੇ 11 ਵਜੇ ਬੱਸ ਅੱਡਾ ਵਿਖੇ ਬੈਠੀ ਟੀਮ ਨੂੰ ਮਿਲ ਸਕਦਾ ਹੈ।

ਪਾਕਿ ਡਰੋਨ ਰਾਹੀਂ ਸੁੱਟੀ 2 ਕਿੱਲੋ 998 ਗ੍ਰਾਮ ਹੈਰੋਇਨ ਬਰਾਮਦ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਪਾਕਿਸਤਾਨੀ ਡਰੋਨ ਰਾਹੀਂ ਭਾਰਤੀ ਸਰਹੱਦ ਅੰਦਰ ਭੇਜੀ 2 ਕਿੱਲੋ 998 ਗ੍ਰਾਮ ਹੈਰੋਇਨ ਦੀ ਖੇਪ ਖੇਮਕਰਨ ਪੁਲਸ ਤੇ ਬੀ ਐੱਸ ਐੱਫ ਨੇ ਸਾਂਝੇ ਸਰਚ ਅਭਿਆਨ ਦੌਰਾਨ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਪਿੰਡ ਮਹਿਦੀਪੁਰ 'ਚੋਂ ਬਰਾਮਦ ਕਰ ਲਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਾਕਿ ਡਰੋਨ ਵੱਲੋਂ ਅਸਮਾਨ 'ਚੋਂ ਸੁੱਟਿਆ ਹੈਰੋਇਨ ਦਾ ਪੈਕੇਟ ਪਸ਼ੂਆਂ ਦੇ ਸ਼ੈੱਡ ਨੂੰ ਤੋੜ ਕੇ ਜ਼ਮੀਨ 'ਤੇ ਆ ਡਿੱਗਿਆ। ਸਬ ਡਵੀਜ਼ਨ ਭਿੱਖੀਵਿੰਡ ਤੋਂ ਡੀ ਐੱਸ ਪੀ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਕਰੀਬ 9:05 'ਤੇ ਪਾਕਿਸਤਾਨੀ ਡਰੋਨ ਵੱਲੋਂ ਸੁੱਟਿਆ ਸਲੇਟੀ ਰੰਗ ਦਾ ਪੈਕੇਟ ਜਿਸ 'ਚ 2 ਕਿੱਲੋ 998 ਗ੍ਰਾਮ ਹੈਰੋਇਨ ਮੌਜੂਦ ਸੀ, ਸਰਹੱਦੀ ਪਿੰਡ ਮਹਿਦੀਪੁਰ ਤੋਂ ਕਿਸਾਨ ਹਰਪਾਲ ਸਿੰਘ ਪੁੱਤਰ ਸੁਰਜੀਤ ਸਿੰਘ ਦੇ ਖੇਤਾਂ ਵਿੱਚ ਬਣੇ ਪਸ਼ੂਆਂ ਦੇ ਸ਼ੈੱਡ ਨੂੰ ਤੋੜ ਕੇ ਅੰਦਰ ਆ ਡਿੱਗਾ, ਜਿਸ ਨੂੰ ਖੇਮਕਰਨ ਪੁਲਸ ਅਤੇ ਬੀ ਐੱਸ ਐੱਫ਼ ਨੇ ਸਾਂਝੇ ਸਰਚ ਅਭਿਆਨ ਦੌਰਾਨ ਬਰਾਮਦ ਕਰਕੇ ਐਫ ਆਈ ਆਰ ਪੁਲਸ ਸਟੇਸ਼ਨ ਖੇਮਕਰਨ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਡੀ ਐੱਸ ਪੀ ਨੇ ਦੱਸਿਆ ਕਿ ਜਿਸ ਜਗ੍ਹਾ ਤੋਂ ਹੈਰੋਇਨ ਦੀ ਖੇਪ ਬਰਾਮਦ ਕੀਤੀ ਗਈ ਹੈ, ਉਹ ਭਾਰਤ-ਪਾਕਿ ਸਰਹੱਦ ਤੋਂ 2100 ਮੀਟਰ ਦੂਰ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਹੈਰੋਇਨ ਸੁੱਟਣ ਵਾਲੇ ਡਰੋਨ ਦੀ ਭਾਲ ਅਜੇ ਜਾਰੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ 556 ਸੰਬੰਧੀ ਗੁਰਮਤਿ ਸਮਾਗਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ 556 ਦੀ ਆਮਦ 'ਤੇ ਬੀਤੀ ਰਾਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਜਿਥੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ, ਉਥੇ ਹੀ ਸਿੰਘ ਸਾਹਿਬਾਨ ਨੇ ਸੰਗਤ ਨੂੰ ਗੁਰਬਾਣੀ ਇਤਿਹਾਸ ਨਾਲ ਜੋੜਿਆ। ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸੰਗਤ ਨੂੰ ਨਾਨਕਸ਼ਾਹੀ ਵਰ੍ਹੇ 556 ਦੀ ਵਧਾਈ ਦਿੰਦਿਆਂ ਗੁਰਮਤਿ ਅਨੁਸਾਰ ਜੀਵਨ ਜਿਊਣ ਦੀ ਪ੍ਰੇਰਨਾ ਕੀਤੀ। ਉਨ੍ਹਾਂ ਸੰਗਤ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣਨ ਲਈ ਵੀ ਪ੍ਰੇਰਿਆ। ਉਨ੍ਹਾਂ ਸਿੱਖ ਕੌਮ ਨੂੰ ਸਾਰੇ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਦੀ ਅਪੀਲ ਕਰਨ ਦੇ ਨਾਲ-ਨਾਲ ਸਿੱਖ ਰਹਿਤ ਮਰਯਾਦਾ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਦੀ ਵੀ ਪ੍ਰੇਰਨਾ ਕੀਤੀ। ਇਸੇ ਦੌਰਾਨ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਸੰਗਤ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਹਰ ਸਿੱਖ ਆਪਣੇ ਘਰ ਵਿਚ ਨਾਨਕਸ਼ਾਹੀ ਕੈਲੰਡਰ ਲਗਾਏ ਤਾਂ ਜੋ ਸਾਡੇ ਬੱਚੇ ਸਿੱਖ ਇਤਿਹਾਸ ਦੇ ਦਿਹਾੜਿਆਂ ਤੋਂ ਜਾਣੂ ਹੋ ਸਕਣ। ਦੇਰ ਰਾਤ ਤੱਕ ਚੱਲੇ ਗੁਰਮਤਿ ਸਮਾਗਮ 'ਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਰਿੰਦਰ ਸਿੰਘ, ਭਾਈ ਕੁਲਦੀਪ ਸਿੰਘ ਅਨੰਦਪੁਰੀ, ਭਾਈ ਨਿਰਭੈ ਸਿੰਘ, ਭਾਈ ਭੁਪਿੰਦਰ ਸਿੰਘ ਤੇ ਭਾਈ ਸਿਮਰਪ੍ਰੀਤ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਪ੍ਰਚਾਰਕ ਭਾਈ ਤਰਸੇਮ ਸਿੰਘ ਤੇ ਭਾਈ ਹਰਪ੍ਰੀਤ ਸਿੰਘ ਵਡਾਲਾ ਨੇ ਵੀ ਸੰਗਤ ਨਾਲ ਇਤਿਹਾਸ ਦੀ ਸਾਂਝ ਪਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਇੰਚਾਰਜ ਮਲਕੀਤ ਸਿੰਘ ਬਹਿੜਵਾਲ, ਗੁਰਮੀਤ ਸਿੰਘ, ਕਰਤਾਰ ਸਿੰਘ, ਤਰਸੇਮ ਸਿੰਘ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਨਿਸ਼ਾਨ ਸਿੰਘ ਜਫਰਵਾਲ, ਜੁਗਰਾਜ ਸਿੰਘ, ਮੀਤ ਮੈਨੇਜਰ ਜਸਬੀਰ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

'ਕੈਨੇਡਾ ਦੇ ਬਹੁ-ਸੱਭਿਆਚਾਰਕ ਲੈਂਡਸਕੇਪ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰਣਨੀਤੀਆਂ' 'ਤੇ ਲੈਕਚਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ ਕਰੀਅਰ ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ ਵੱਲੋਂ 'ਕੈਨੇਡਾ ਦੇ ਬਹੁ-ਸੱਭਿਆਚਾਰਕ ਲੈਂਡਸਕੇਪ 'ਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰਣਨੀਤੀਆਂ' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਦੇ ਨਿਰਦੇਸ਼ਾਂ 'ਤੇ ਆਯੋਜਿਤ ਲੈਕਚਰ ਮੌਕੇ ਗੁਰੂ ਨਾਨਕ ਇੰਸਟੀਚਿਊਟ ਆਫ਼ ਗਲੋਬਲ ਸਟੱਡੀਜ਼, ਸਰੀ, ਕੈਨੇਡਾ ਤੋਂ ਚੇਅਰਮੈਨ ਗਿਆਨ ਸਿੰਘ ਸੰਧੂ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਜਦਕਿ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਆਯੁਰਵੈਦਿਕ ਡਾਕਟਰ ਡਾ. ਅਰਿਦਮਨ ਸਿੰਘ ਮਾਹਲ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਮੈਂਬਰ ਅਤੇ ਸਾਬਕਾ ਪ੍ਰਿੰਸੀਪਲ ਡਾ. ਸੁਖਬੀਰ ਕੌਰ ਮਾਹਲ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ, ਜਿਨ੍ਹਾਂ ਪ੍ਰਿੰ. ਡਾ. ਸੁਰਿੰਦਰ ਕੌਰ ਨੇ ਬੂਟੇ ਭੇਟ ਕਰਕੇ ਸਵਾਗਤ ਕੀਤਾ। ਇਸ ਮੌਕੇ ਸੰਧੂ ਨੇ ਵਿਦਿਆਰਥੀਆਂ ਨੂੰ ਏਅਰਫੋਰਸ ਅਫਸਰ ਬਣਨ ਤੋਂ ਲੈ ਕੇ ਕੈਨੇਡਾ 'ਚ ਸਫਲ ਕਾਰੋਬਾਰੀ ਬਣਨ ਤੱਕ ਦੇ ਆਪਣੇ ਸ਼ਾਨਦਾਰ ਸਫ਼ਰ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਇਕ ਸਕਾਰਾਤਮਕ ਮਾਨਸਿਕਤਾ ਅਤੇ ਆਤਮ-ਵਿਸ਼ਵਾਸ ਨੂੰ ਬਣਾਈ ਰੱਖਣ ਦੀ ਮਹੱਤਤਾ ਨੂੰ ਰੇਖਾਂਕਿਤ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਗੁਣ ਜੀਵਨ 'ਚ ਸਫਲਤਾ ਪ੍ਰਾਪਤ ਕਰਨ 'ਚ ਕਿਵੇਂ ਸਹਾਇਕ ਹੁੰਦੇ ਹਨ। ਇਸ ਮੌਕੇ ਉਨ੍ਹਾਂ ਕੈਨੇਡਾ 'ਚ ਉੱਚ ਸਿੱਖਿਆ ਅਤੇ ਕਰੀਅਰ ਦੇ ਮੌਕਿਆਂ ਬਾਰੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਮੌਕੇ ਡਾ. ਅਰਿਦਮਨ ਸਿੰਘ ਮਾਹਲ ਨੇ ਵਿਦਿਆਰਥੀਆਂ ਨੂੰ ਅਕਸਰ ਮਨੋਵਿਗਿਆਨਕ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ, ਬਾਰੇ ਸੰਬੋਧਨ ਕਰਦਿਆਂ ਅਜਿਹੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਪ੍ਰਭਾਵਸ਼ਾਲੀ ਰਣਨੀਤੀਆਂ ਬਾਰੇ ਜਾਣਕਾਰੀ ਦਿੱਤੀ। ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਡਾ. ਰਾਕੇਸ਼ ਕੁਮਾਰ ਨੇ ਧੰਨਵਾਦ ਮਤਾ ਪੇਸ਼ ਕਰਕੇ ਲੈਕਚਰ ਦੀ ਸਮਾਪਤੀ ਕੀਤੀ।

ਇਸ ਮੌਕੇ ਪ੍ਰਿੰ. ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਆਏ ਮਹਿਮਾਨ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਵਿਦਿਆਰਥੀਆਂ ਦੀ ਜੀਵਨ 'ਚ ਬਹੁਤ ਹੀ ਲਾਹੇਵੰਦ ਸਾਬਿਤ ਹੋਵੇਗੀ। ਇਸ ਮੌਕੇ ਕਾਲਜ ਸਟਾਫ਼ ਤੋਂ ਇਲਾਵਾ ਵਿਦਿਆਰਥਣਾਂ ਹਾਜ਼ਰ ਸਨ।

ਪ੍ਰਦੀਪ ਸਿਆਲ ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰੀ ਜਨਰਲ ਸਕੱਤਰ ਨਿਯੁਕਤ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਦੀ ਹੰਗਾਮੀ ਮੀਟਿੰਗ ਹੋਈ। ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਸਿੰਘ ਸੰਧੂ ਅਤੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਛਿੰਦੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਪਾਰਟੀ ਦੀ ਮਜ਼ਬੂਤੀ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ , ਜ਼ਿਲ੍ਹਾ ਯੂਥ ਪ੍ਰਧਾਨ ਰਮਨਦੀਪ ਸਿੰਘ ਸੰਧੂ ਅਤੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਛਿੰਦੀ ਵਲੋਂ ਪਾਰਟੀ ਦੀ ਪਕੜ ਹੋਰ ਮਜ਼ਬੂਤ ਕਰਨ ਲਈ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਾਰਟੀ ਪ੍ਰਤੀ ਵਫਾਦਾਰੀ ਨਿਭਾਉਣ ਵਾਲੇ ਵਰਕਰਾਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ। ਇਸ ਮੌਕੇ ਸ਼ਹਿਰ ਧਾਰੀਵਾਲ ਦੇ ਉੱਘੇ ਸਮਾਜ ਸੇਵਕ ਅਤੇ ਰਾਮ ਲੀਲ੍ਹਾ ਮੰਚ ਦੇ ਕਲਾਕਾਰ ਪ੍ਰਦੀਪ ਸਿਆਲ ਨੂੰ ਧਾਰੀਵਾਲ ਸ਼ਹਿਰ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਅਤੇ ਹੋਰ ਅਹੁਦੇਦਾਰ ਵੀ ਥਾਪੇ ਗਏ। ਇਸ ਮੌਕੇ ਨਵ-ਨਿਯੁਕਤ ਜਨਰਲ ਸਕੱਤਰ ਪ੍ਰਦੀਪ ਸਿਆਲ ਨੇ ਹਲਕਾ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਅਤੇ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮਿਲੀ ਜ਼ਿਮੇਵਾਰੀ ਨੂੰ ਪੂਰੀ ਤਨਦੇਹੀ ਤੇ ਇਮਾਨਦਾਰ ਨਾਲ ਨਿਭਾਉਣਗੇ ਅਤੇ ਪਾਰ

15-March-PAGE-12.qxd 3/14/2024 10:59 PM Page 1

ਜਨਮ ਦਿਨ ਮੁਬਾਰਕ

ਗੁਰਜਪ ਕੌਰ, ਧਾਰੀਵਾਲ ਕਲਾਂ

ਵਰ੍ਹੇਗੰਢ ਮੁਬਾਰਕ

ਗੁਰਚਰਨ ਸਿੰਘ ਖੈਰਦੀ ਤੇ ਕੁਲਵੰਤ ਕੌਰ ਨੇ ਆਪਣੇ ਵਿਆਹ ਦੀ 21ਵੀਂ ਵਰ੍ਹੇਗੰਢ ਮਨਾਈ।

ਰਜਿੰਦਰ ਕੁਮਾਰ ਮੋਦਗਿਲ ਅਤੇ ਰੀਟਾ ਕੁਮਾਰੀ ਵਾਸੀ ਹੁਸ਼ਿਆਰਪੁਰ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।

ਚੌਥਾ ਦਰਜਾ ਮੁਲਾਜ਼ਮ ਯੂਨੀਅਨ ਦੀਆਂ ਮੰਗਾਂ 'ਤੇ ਬਣੀ ਸਹਿਮਤੀ

ਮੋਹਾਲੀ (ਗਰਜੀਤ ਬਿੱਲਾ)

ਦੀ ਕਲਾਸ ਫੋਰਥ ਗੰਰਿਮੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਵੱਲੋਂ ਪੰਜਾਬ ਮੰਡੀ ਬੋਰਡ ਵਿਚਲੇ ਕੰਟਰੈਕਟ–ਆਊਟ ਸੋਰਸ ਚੌਥਾ ਦਰਜਾ ਕਰਮਚਾਰੀ ਜੋ ਮਾਰਕੀਟ ਕਮੇਟੀਆਂ, ਮੰਡੀਆਂ, ਉਸਾਰੀ ਵਿੰਗਾਂ, ਬਿਜਲੀ ਵਿੰਗਾਂ, ਸਿਵਰੇਜ, ਜਲ ਸਪਲਾਈ ਵਿੰਗ ਵਿੱਚ ਲੰਮੇ ਸਮੇਂ ਤੋਂ ਠੇਕੇਦਾਰਾਂ/ਏਜੰਸੀਆਂ ਦੁਆਰਾ ਕੰਮ ਕਰ ਰਹੇ ਦੀਆਂ ਮੰਗਾਂ ਤੇ ਸਮੱਸਿਆਵਾਂ ਨੂੰ ਲੈ ਕੇ ਤਕਰੀਬਨ ਇੱਕ ਦਰਜਨ ਇਸ਼ੂਆਂ 'ਤੇ ਵਿਚਾਰ ਵਟਾਂਦਰਾ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ , ਬੋਰਡ ਸਕੱਤਰ ਸ੍ਰੀਮਤੀ ਅਮ੍ਰਿਤ ਕੌਰ ਗਿੱਲ, ਆਈ.ਏ.ਐਸ. ਇੰਜੀਨੀਅਰ ਇਨ ਚੀਫ ਗੁਰਦੀਪ ਸਿੰਘ,ਚੀਫ ਇੰਜਨੀਅਰ ਗੁਰਵਿੰਦਰ ਪਾਲ ਸਿੰਘ ਚੀਮਾਂ ਸਮੇਤ ਦਫਤਰੀ ਅਮਲਾ ਸਾਮਲ ਸਨ ਅਤੇ ਦੀ ਕਲਾਸ ਫੋਰ ਗੰਰਿਮੰਟ ਇੰਪਲਾਈਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ,ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ,ਸਕੱਤਰ ਰਮਨ ਕੁਮਾਰ ਸਰਮਾਂ,ਮੰਡੀਬੋਰਡ ਸਬ ਕਮੇਟੀ ਵੱਲੋਂ ਪ੍ਰਧਾਨ ਬਲਕਾਰ ਸਿੰਘ ਸਹੋਤਾ,ਜਨਰਲ ਸਕੱਤਰ ਵਿਯੇ ਕੁਮਾਰ ਰਿੰਕੂ,ਸੀਨੀਅਰ ਮੀਤ ਪ੍ਰਧਾਨ ਕੁਲਦੀਪ ਸਿੰਘ,ਮੁੱਖ ਸਲਾਹਕਾਰ ਗੁਰਿੰਦਰ ਸਿੰਘ ਗੁਰੀ,ਜ਼ਿਲ੍ਹਾ ਪ੍ਰਧਾਨ ਕ੍ਰਿਸ਼ਨ ਸਿੰਘ ਘੱਗਾ ਆਦਿ ਮੰਡੀ ਬੋਰਡ ਅਧਿਕਾਰੀਆਂ ਸਮੇਤ ਜਥੇਬੰਦੀ ਦੇ ਡੇਢ ਦਰਸ਼ਨ ਆਗੂ ਸ਼ਾਮਲ ਸਨ।

ਜਿਸ ਵਿੱਚ ਪ੍ਰਮੁੱਖ ਮੰਗਾਂ ਇਹ ਕਿ ਕੱਚੇ ਕਰਮਚਾਰੀਆਂ ਨੂੰ ਬੋਰਡ ਵਿੱਚ ਖਪਾਕੇ ਸੇਵਾਵਾਂ ਨਿਯਮਤ ਕੀਤੀਆਂ ਜਾਣ, ਸੀਨੀਆਰਤਾ ਬਣਾਈ ਜਾਵੇ, ਠੇਕੇਦਾਰੀ ਪ੍ਰਥਾ ਸਮਾਪਤ ਕੀਤੀ ਜਾਵੇ, ਘੱਟ ਉਜਰਤਾ ਚੰਡੀਗੜ੍ਹ ਪੈਟਰਨ 21600/– ਰੁਪਏ ਜਾਰੀ ਕੀਤੀਆਂ ਜਾਣ, ਕਿਰਤ ਕਾਨੂੰਨਾਂ ਅਨੁਸਾਰ ਬਣਦੀਆਂ ਸਹੂਲਤਾਂ ਗਰੈਚੂਟੀ, ਲੀਵ–ਇਨ–ਕੈਸ਼ਮੈਂਟ, ਈ.ਪੀ.ਐਫ., ਈ.ਐਸ.ਆਈ., 8.33 ਬੋਨਸ ਅਤੇ ਘੱਟੋ–ਘੱਟ ਉਜਰਤਾਂ ਵਿੱਚ ਵਾਧੇ ਦਾ ਬਕਾਇਆ ਸਾਲ 2020–2022 ਦਾ ਦਿੱਤਾ ਜਾਵੇ, ਪਹਿਚਾਨ ਕਾਰਡ ਡਬਲ ਡਿਊਟੀਆਂ ਵਾਲੇ ਕਰਮੀਆਂ ਨੂੰ ਵਿਸ਼ੇਸ਼ ਤਨਖਾਹ ਦਿੱਤੀ ਜਾਵੇ, ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਅਤੇ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਨੇ ਕਿਹਾ ਕਿ ਜਥੇਬੰਦੀ ਵੱਲੋਂ ਪੇਸ਼ ਕੀਤੀਆਂ ਮੰਗਾਂ ਬਾਰੇ ਚੇਅਰਮੈਨ ਮੰਡੀ ਬੋਰਡ ਦਾ ਰਵੱਈਆ ਹਾਂ ਪੱਖੀ ਸੀ, ਕਾਫੀ ਮੰਗਾਂ ਦਾ ਨਿਪਟਾਰਾ ਮੌਕੇ ਪਰ ਕੀਤਾ ਗਿਆ।

ਰੋਟਰੀ ਕ੍ਰਿਕਟ ਲੀਗ ਟੂਰਨਾਮੈਂਟ ਸ਼ੁਰੂ

ਜਲੰਧਰ (ਰਾਜੇਸ਼ ਥਾਪਾ)-ਰੋਟਰੀ ਅੰਤਰ ਜ਼ਿਲ੍ਹਾ ਕ੍ਰਿਕੇਟ ਲੀਗ ਟੂਰਨਾਮੈਂਟ ਬਰਲਟਨ ਪਾਰਕ ਕ੍ਰਿਕੇਟ ਅਤੇ ਐਫਸੀ ਸੋਂਧੀ ਕ੍ਰਿਕੇਟ ਮੈਦਾਨ ਵਿੱਚ ਸ਼ੁਰੂ ਹੋਇਆ। ਟੂਰਨਾਮੈਂਟ ਦੇ ਪ੍ਰਬੰਧਕੀ ਸਕੱਤਰ ਰੋਟੇਰੀਅਨ ਸਰਦਾਰ ਡਾਕਟਰ ਯੂਐਸ ਘਈ ਅਨੁਸਾਰ 3070, 3080 ਅਤੇ 3090 ਦੇ ਵੱਖ-ਵੱਖ ਰੋਟਰੀ ਜ਼ਲ੍ਹਾ ਚੈਪਟਰਾਂ ਦੀਆਂ ਅੱਠ ਕ੍ਰਿਕਟ ਟੀਮਾਂ ਹਿੱਸਾ ਲੈਣਗੀਆਂ, ਜਿੰਨ੍ਹਾਂ 'ਚ ਪੰਜਾਬ, ਹਿਮਾਚਲ, ਜੰਮੂ-ਕਸ਼ਮੀਰ ਅਤੇ ਰਾਜਸਥਾਨ ਦੀਆਂ ਕ੍ਰਿਕਟ ਟੀਮਾਂ ਸ਼ਾਮਲ ਹਨ । ਇਹ ਟੂਰਨਾਮੈਂਟ ਪ੍ਰਧਾਨ ਮੰਤਰੀ ਦੇ ਮਿਸ਼ਨ 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਮਿਸ਼ਨ ਤਹਿਤ ਆਯੋਜਿਤ ਕੀਤਾ ਜਾਵੇਗਾ। ਇਸ ਮਿਸ਼ਨ ਤਹਿਤ ਇਕੱਠੀ ਹੋਈ ਰਾਸ਼ੀ ਲੜਕੀਆਂ ਦੀ ਸਿੱਖਿਆ 'ਤੇ ਖਰਚ ਕੀਤੀ ਜਾਵੇਗੀ। ਟੂਰਨਾਮੈਂਟ ਦਾ ਉਦਘਾਟਨ ਜ਼ਿਲ੍ਹਾ ਪ੍ਰਧਾਨ ਰੋਟੇਰੀਅਨ ਗਵਰਨਰ ਵਿਪਨ ਭਸੀਨ ਨੇ ਕੀਤਾ । ਫਾਈਨਲ 17 ਮਾਰਚ ਨੂੰ ਬਰਲਟਨ ਪਾਰਕ ਦੇ ਕ੍ਰਿਕਟ ਗਰਾਊਂਡ ਵਿੱਚ ਖੇਡਿਆ ਜਾਵੇਗਾ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਮਰਪਤ ਸੈਮੀਨਾਰ

ਬੰਗਾ (ਅਵਤਾਰ ਕਲੇਰ)

ਸਰਕਾਰੀ ਆਈ ਟੀ ਆਈ ਸੂੰਢ ਵਿੱਚ ਸ਼ਹੀਦ ਏ ਆਜਮ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਹੋਰਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਸੈਮੀਨਾਰ ਕਰਵਾਇਆ, ਜਿਸ ਵਿਚ ਸਿਖਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ , ਜ਼ਿਲ੍ਹਾ ਆਗੂ ਰਾਜੂ ਬਰਨਾਲਾ ਅਤੇ ਨਵਾਂਸ਼ਹਿਰ ਆਈ ਟੀ ਈ ਕਮੇਟੀ ਦੇ ਸਕੱਤਰ ਸਿਮਰਨਜੀਤ ਸਿੰਘ ਕਿਹਾ ਕਿ ਅੱਜ ਵਿਦਿਆਰਥੀਆਂ ਨੂੰ ਦੇਸ ਵਿੱਚ ਕੇਂਦਰ ਦੀ ਵੱਧ ਰਹੀ ਤਾਨਾਸ਼ਾਹੀ ਦੇ ਸਮੇਂ ਦੌਰਾਨ ਸ਼ਹੀਦਾਂ ਦੀ ਵਿਚਾਰਧਾਰਾ 'ਤੇ ਅਮਲ ਕਰਨ ਦੀ ਸਮੇਂ ਦੀ ਮੁੱਖ ਲੋੜ ਹੈ,ਕਿਉਂਕਿ ਸਹੀਦਾਂ ਦੇ ਅਧੂਰੇ ਸੁਪਨਿਆਂ ਨੂੰ ਪੂਰੇ ਕਰਨ ਦੇ ਵਿੱਚ ਕੋਈ ਵੀ ਸਰਕਾਰ ਅੱਗੇ ਨਹੀਂ ਆ ਰਹੀ। ਆਗੂਆਂ ਨੇ ਇਹ ਵੀ ਕਿਹਾ ਕਿ ਸਮਾਜ ਵਿੱਚ ਦੋ ਜਮਾਤਾਂ ਹੁੰਦੀਆਂ ਹਨ ਇੱਕ ਕਿਰਤ ਕਰਨ ਵਾਲੀ ਤੇ ਦੂਸਰੀ ਕਿਰਤ ਦੀ ਲੁੱਟ ਕਰਨ ਵਾਲੀ। ਇਸ ਲਈ ਕਿਰਤ ਕਰਨ ਵਾਲਿਆਂ ਦੇ ਸ਼ਹੀਦ ਤੇ ਕਿਰਤ ਦੀ ਲੁੱਟ ਕਰਨ ਵਾਲਿਆਂ ਦੇ ਸ਼ਹੀਦ ਕਦੇ ਵੀ ਸਾਂਝੇ ਨਹੀਂ ਹੋ ਸਕਦੇ। ਇਸ ਮੌਕੇ ਸਰਕਾਰੀ ਆਈ ਈ ਟੀ ਈ ਸੂੰਢ ਦੇ ਕਨਵੀਨਰ ਗੁਰਪਿੰਦਰ ਸਿੰਘ ਅਤੇ ਕੋ-ਕਨਵੀਨਰ ਕਰਨ ਨੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਕੀਤੀ ਜਾ ਰਹੀ ਵਿਦਿਆਰਥੀ ਮੰਗਾਂ ਨੂੰ ਲੈ ਕੇ 23 ਮਾਰਚ ਨੂੰ ਖਟਕੜ ਕਲਾਂ ਵਿਖੇ ਸੂਬਾ ਪੱਧਰੀ ਕਾਨਫਰੰਸ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਸਰਕਾਰੀ ਆਈ ਟੀ ਆਈ ਨਵਾਂਸ਼ਹਿਰ ਦੇ ਆਗੂ ਸਿਮਰਨਜੀਤ ਸਿੰਘ , ਯੁਵਰਾਜ ਮਹਿੰਮੀ , ਪਵਿੰਦਰ ਸਿੰਘ , ਅਸਵਿਨੀ ਕੁਮਾਰ ਅਤੇ ਆਈ ਈ ਟੀ ਈ ਸੂੰਢ ਦੇ ਸਿਖਿਆਰਥੀ ਗੁਰਪਿੰਦਰ ਸਿੰਘ , ਕਰਨ ,ਦਵਿੰਦਰ ਕੁਮਾਰ , ਕਰਨਦੀਪ ਢਾਂਡਾ ਅਤੇ ਹੋਰ ਵੀ ਸਿਖਿਆਰਥੀ ਹਾਜਰ ਸਨ।

ਸ਼ੇਰੇ ਪੰਜਾਬ ਸਪੋਰਟਸ ਕਲੱਬ ਕਬੱਡੀ ਕੱਪ 'ਚ ਦਿਆਲਪੁਰ ਦੀ ਝੰਡੀ

ਕਰਤਾਰਪੁਰ (ਹਰਮੇਸ਼ ਦੱਤ)

ਸ਼ੇਰੇ ਪੰਜਾਬ ਸਪੋਰਟਸ ਕਲੱਬ ਦਿਆਲਪੁਰ ਦੁਆਰਾ ਕਲੱਬ ਪ੍ਰਧਾਨ ਅਵਤਾਰ ਸਿੰਘ ਸਾਹ ਅਤੇ ਚੈਅਰਮੈਨ ਹਰਜਿੰਦਰ ਸਿੰਘ ਰਾਜਾ ਅਗਵਾਈ ਵਿੱਚ 6ਵਾਂ ਹੋਲਾ ਮਹੱਲਾ ਕਬੱਡੀ ਕੱਪ ਦੀ ਸ਼ੁਰੂਆਤ ਕੀਤੀ ਗਈ ਜਿਸ ਵਿੱਚ ਆਲ ਓਪਨ ਮੁਕਾਬਲਿਆ ਵਿੱਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਦੀ ਟੀਮ ਨੇ ਕੱਪ ਜਿੱਤ ਕੇ 1.5 ਲੱਖ ਦਾ ਇਨਾਮ, ਟਰੋਫੀ ਅਤੇ ਉਪਵਿਜੇਤਾ ਪੱਤਰਕਲਾ ਦੀ ਟੀਮ ਨੇ 1 ਲੱਖ ਦਾ ਇਨਾਮ ਤੇ ਟਰੋਫੀ ਜਿੱਤੀ। ਇਸ ਤਰ੍ਹਾਂ 80 ਕਿਲੋ ਵਰਗ ਵਿੱਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਨੇ ਪਹਿਲਾ ਤੇ ਭੰਡਾਲ ਦੋਨਾ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਬੈਸਟ ਰੇਡਰ ਬਿੱਲਾ ਤੇ ਬੈਸਟ ਜਾਫੀ ਸਾਕਾ ਨੂੰ ਇੱਕ ਇੱਕ ਫੋਰਡ ਟਰੈਕਟਰ ਦੇ ਕੇ ਸਮਾਨਿਤ ਕੀਤਾ ਗਿਆ। ਇਸ ਮੌਕੇ ਕਲੱਬ ਚੈਅਰਮੈਨ ਹਰਜਿੰਦਰ ਸਿੰਘ ਰਾਜਾ,ਕਲੱਬਾ ਪ੍ਰਧਾਨ ਅਵਤਾਰ ਸਿੰਘ ਸਾਹ,ਚੈਨ ਸਿੰਘ ਬੱਬੂ ਧੁਪੜ,ਮਨਪ੍ਰੀਤ ਸਿੰਘ ਧੁਪੜ,ਪਰਮਿੰਦਰਪਾਲ ਸਿੰਘ ਬਰਾੜ,ਸਤਨਾਮ ਸਿੰਘ ਨਾਗਰਾ,ਗੁਰਵਿੰਦਰ ਸਿੰਘ ਗਿੱਧਾ,ਪਰਮਜੀਤ ਸਿੰਘ ਪੱਡਾ,ਪਰਮਜੀਤ ਸਿੰਘ ਬੱਲੂ,ਟੀਟੂ ਸੇਠ,ਭਿੱਦਾ ਖੱਖ,ਅਮਿਤ ਆਸ਼ੂ,ਵਿਨੋਦ ਘੁੱਗ,ਅਸਵਨੀ ਸੇਠ,ਕਸਮੀਰੀ ਲਾਲ, ਕਮਲੇਸ ਰਾਣੀ, ਕਮਲਜੀਤ ਕੌਰ ਧੁਪੜ,ਸੁਰਜੀਤ ਕੌਰ ਧੁਪੜ,ਦਲਵੀਰ ਸਿੰਘ ਸਹੋਤਾ, ਨਿਰਮਲਾ ਬਲਾਕ ਸੰਮਤੀ ਮੈਂਬਰ ਅਤੇ ਪਿੰਡ ਵਾਸੀ ਹਾਜਰ ਸਨ।

ਸਮੂਹ ਅਧਿਆਪਕ ਤੇ ਅਧਿਕਾਰੀ ਦਫਤਰੀ ਕਰਮਚਾਰੀ ਯੂਨੀਅਨ ਦੇ ਸੰਘਰਸ਼ ਦੀ ਹਮਾਇਤ ਕਰਨ : ਗਣੇਸ਼ ਭਗਤ

ਜਲੰਧਰ (ਰਾਜੇਸ਼ ਥਾਪਾ)

ਸਮੱਗਰਾ ਸਿੱਖਿਆ ਅਭਿਮਾਨ ਤੇ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਆਪਣੀਆਂ ਜਾਇਜ ਤੇ ਹੱਕੀ ਮੰਗਾਂ ਲਈ 21 ਫਰਵਰੀ ਤੋਂ ਡੀ ਜੀ ਐਸ ਈ ਦਫਤਰ ਮੋਹਾਲੀ ਵਿਖੇ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਨਾ ਕਰਨ ਦੇ ਰੋਸ ਵਜੋਂ ਕਲਮ ਛੋੜ ਹੜਤਾਲ 'ਤੇ ਹੈ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਦਫਤਰਾਂ ਵਿੱਚ ਆਪਣੀਆਂ ਮੰਗਾਂ ਲਈ ਕਰਮਚਾਰੀ ਸੰਘਰਸ਼ ਕਰ ਰਹੇ ਹਨ। ਅਧਿਆਪਕ ਆਗੂ ਗਣੇਸ਼ ਭਗਤ ਨੇ ਦੱਸਿਆ ਕਿਹਾ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ 10 ਸੇਵਾ ਕਰ ਚੁੱਕੇ ਮੁਲਾਜਮਾਂ ਨੂੰ ਪੱਕੇ ਕਰਨ ਲਈ ਕਾਨੂੰਨ ਛਿੱਕੇ ਤੇ ਟੰਗਿਆ ਹੋਇਆ ਹੈ ਤੇ ਮੁੱਖ ਮੰਤਰੀ ਦੇ ਫੈਸਲੇ ਦੇ ਬਾਵਜੂਦ ਵੀ ਪੱਕਿਆਂ ਨਹੀਂ ਕੀਤਾ ਜਾ ਰਿਹਾ। 15 ਸਾਲਾਂ ਸਰਕਾਰਾਂ ਆਉਂਦੀਆਂ ਜਾਂਦੀਆਂ ਰਹੀਆਂ ਤੇ ਮੌਜੂਦਾ ਸਰਕਾਰ ਵੀ ਨਿਗੁਣੀਆਂ ਤਨਖਾਹਾਂ 'ਤੇ ਆਰਥਿਕ ਤੇ ਮਾਨਸਿਕ ਸੋਸ਼ਣ ਕਰ ਰਹੀਆਂ ਹਨ। ਉਨ੍ਹਾਂ ਦੀ ਜਵਾਨੀ ਰੋਲ ਰਹੀਆਂ ਹਨ। ਬੜੀ ਹੈਰਾਨੀ ਦੀ ਗੱਲ ਹੈ। ਉਨ੍ਹਾਂ ਦੀ ਤਨਖਾਹ ਵਧਾਉਣ ਦੀ ਬਿਜਾਏ ਦਫਤਰੀ ਕਰਮਚਾਰੀਆਂ ਦੀ 5000 ਹਜਾਰ ਪ੍ਰਤੀ ਮਹੀਨਾ ਤਨਖਾਹ ਦੀ ਕਟੌਤੀ ਕੀਤੀ ਜਾ ਰਹੀ ਹੈ। ਮਿਡ ਡੇ ਮੀਲ ਦਫਤਰੀ ਕਰਮਚਾਰੀ ਦੀ ਤਨਖਾਹ ਵਿਚ ਸਾਲ 2019 ਤੋਂ ਕੋਈ ਵਾਧਾ ਨਹੀਂ ਕੀਤਾ ਗਿਆ। ਜਿਸ ਨਾਲ ਉਨ੍ਹਾਂ ਦੇ ਘਰਾਂ ਦਾ ਗੁਜਾਰਾ ਮੁਸ਼ਕਲ ਨਾਲ ਚੱਲ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸਬ ਕਮੇਟੀਆਂ ਨਾਲ ਮੀਟਿੰਗਾਂ ਵਿੱਚ ਕੋਈ ਸਾਰਥਕ ਨਤੀਜਾ ਨਹੀਂ ਨਿਕਲਿਆ। ਜੇਕਰ ਪੰਜਾਬ ਇਸ ਪੰਜਾਬ ਦੀਆਂ ਜਿੰਨੀਆਂ ਜੱਥੇਬੰਦੀਆਂ ਹਨ ਇਨ੍ਹਾਂ ਦਫਤਰੀ ਕਰਮਚਾਰੀ ਯੂਨੀਅਨ ਦੇ ਸੰਘਰਸ਼ ਵਿੱਚ ਇਨ੍ਹਾਂ ਦਾ ਸਾਥ ਦੇਣ ਅਤੇ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨੂੰ ਵੀ ਇਨ੍ਹਾਂ ਦੇ ਹੱਕ ਨਿੱਤਰਨਾ ਚਾਹੀਦਾ ਹੈ। ਜਿਸ ਨਾਲ ਇਨ੍ਹਾਂ ਸਾਥੀਆਂ ਦੇ ਸੰਘਰਸ਼ ਹੋਰ ਬਲ ਮਿਲ ਸਕੇ।

ਐਲ ਪੀ ਯੂ ਦੀ ਖੇਤੀਬਾੜੀ ਦੀ ਵਿਦਿਆਰਥਣ ਨੂੰ ਮਿਲਿਆ ਰਾਸ਼ਟਰੀ ਸਿਰਜਣਹਾਰ ਪੁਰਸਕਾਰ

ਜਲੰਧਰ (ਸ਼ੈਲੀ ਐਲਬਰਟ)

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਬੀ ਐਸ ਸੀ ਆਨਰਸ ਐਗਰੀਕਲਚਰ ਦੀ ਵਿਦਿਆਰਥਣ, ਸੁਨਿਧੀ ਸਿੰਘ ਨੂੰ ਭਾਰਤ ਸਰਕਾਰ ਦੇ ਪਹਿਲੇ ਰਾਸ਼ਟਰੀ ਸਿਰਜਣਹਾਰ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਸੀ। ਦੇਸ਼ ਭਰ ਦੇ ਹਜ਼ਾਰਾਂ ਲੋਕਾਂ ਵਿੱਚ ਸ਼ਾਮਲ, ਸੁਨਿਧੀ ਨੂੰ ਹੁਣ ਭਾਰਤ ਮੰਡਪਮ, ਨਵੀਂ ਦਿੱਲੀ ਵਿੱਚ ਆਯੋਜਿਤ ਰਾਸ਼ਟਰੀ ਪੁਰਸਕਾਰ ਸਮਾਰੋਹ ਦੌਰਾਨ ਚੋਟੀ ਦੇ ਦਸ ਸਰਬੋਤਮ ਮਾਈਕ੍ਰੋ ਕ੍ਰਿਏਟਰਾਂ ਵਿੱਚੋਂ ਇੱਕ ਘੋਸ਼ਿਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਵੱਕਾਰੀ ਪੁਰਸਕਾਰ ਸਮਾਰੋਹ ਵਿੱਚ ਸ਼ਿਰਕਤ ਕੀਤੀ।ਨਵੇਂ ਯੁੱਗ ਦੇ ਆਗਮਨ ਦੇ ਨਾਲ-ਨਾਲ ਚੱਲਣ ਦੀ ਦੇਸ਼ ਦੀ ਜ਼ਿੰਮੇਵਾਰੀ ਨੂੰ ਦਸਦਿਆਂ , ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰੀ ਸਿਰਜਣਹਾਰ ਪੁਰਸਕਾਰ ਪ੍ਰਦਾਨ ਕੀਤੇ। ਦੇਸ਼ ਦੇ ਲਗਭਗ 2 ਲੱਖ ਸਿਰਜਣਹਾਰਾਂ ਨੇ 20 ਸ਼੍ਰੇਣੀਆਂ ਦੇ ਤਹਿਤ ਪੁਰਸਕਾਰਾਂ ਲਈ ਰਜਿਸਟਰ ਕੀਤਾ ਸੀ। ਰਾਜ ਸਭਾ ਮੈਂਬਰ ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ ਡਾ ਅਸ਼ੋਕ ਕੁਮਾਰ ਮਿੱਤਲ ਨੇ ਸਹਿ-ਪਾਠਕ੍ਰਮ ਖੇਤਰ ਵਿੱਚ ਸ਼ਾਨਦਾਰ ਪ੍ਰਾਪਤੀ ਲਈ ਐਲਪੀਯੂ ਵਿੱਚ ਵੱਕਾਰੀ ਨਾਮਜ਼ਦਗੀ ਜੇਤੂ ਵਿਦਿਆਰਥਣ ਅਤੇ ਉਸਦੇ ਸਲਾਹਕਾਰਾਂ ਨੂੰ ਵਧਾਈ ਦਿੱਤੀ।

ਸ੍ਰੀ ਹਨੂਮਤ ਇੰਸਟੀਚਿਊਟ ਨੇ ਹੋਟਲ ਰਮਾਡਾ ਐਂਕੋਰ ਬਾਏ ਵਿੰਡਹੈਮ ਨਾਲ ਕੀਤਾ ਸਮਝੌਤਾ

ਗੁਰਾਇਆ (ਬਿੰਦਰ ਸੁਮਨ)

ਤਕਨੀਕੀ ਸਿੱਖਿਆ ਪ੍ਰਸਾਰ ਦੇ ਖੇਤਰ ਵਿੱਚ ਪੰਜਾਬ ਭਰ ਦੇ ਮੋਹਰੀ ਵਿਦਿਅਕ ਅਦਾਰਿਆਂ 'ਚ ਸ਼ਾਮਲ ਸ਼੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਨੇ ਜਲੰਧਰ ਦੇ ਹੋਟਲ ਰਮਾਡਾ ਐਂਕੋਰ ਬਾਏ ਵਿੰਡਹੈਮ ਨਾਲ ਦੂਸਰੇ ਸਮਝੌਤੇ (ਮੈਮੋਰੈਂਡਮ ਆਫ ਅੰਡਰਸਟੈਂਡਿੰਗ) 'ਤੇ ਹਸਤਾਖਰ ਕੀਤੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵਿਸ਼ਵ ਪ੍ਰਸਿੱਧ ਹੋਟਲ ਗੋਲਡਨ ਟਿਊਲਿਪ ਜਲੰਧਰ ਨਾਲ ਵੀ ਇੱਕ ਐਮ.ਓ.ਯੂ ਸਾਈਨ ਕੀਤਾ ਗਿਆ ਸੀ। ਵਧੇਰੇ ਜਾਣਕਾਰੀ ਦਿੰਦਿਆਂ ਕਾਲਜ ਡਾਇਰੈਕਟਰ ਡਾ: ਸ਼ੈਲੀ ਰੇਖੀ ਸ਼ਰਮਾ ਨੇ ਦੱਸਿਆ ਕਿ ਵਿਸ਼ਵ ਪ੍ਰਸਿੱਧ ਆਲੀਸ਼ਾਨ ਹੋਟਲ ਰਮਾਡਾ ਐਂਕੋਰ ਬਾਏ ਵਿੰਡਹੈਮ ਜਲੰਧਰ ਪ੍ਰਮੁੱਖ ਹੋਟਲਾਂ ਵਿੱਚ ਸ਼ੁਮਾਰ ਹੈ। ਇਸ ਲਈ ਇਹ ਆਪਸੀ ਸਮਝੌਤਾ ਕਾਲਜ ਦੇ ਹੋਟਲ ਮੈਨੇਜਮੈਂਟ ਵਿਭਾਗ ਦੇ ਵਿਦਿਆਰਥੀਆਂ ਲਈ ਕਾਫੀ ਲਾਹੇਵੰਦ ਸਾਬਤ ਹੋਵੇਗਾ। ਸਮਝੌਤੇ ਤਹਿਤ ਕਾਲਜ ਵਿੱਚ ਸੈਮੀਨਾਰ, ਗੈਸਟ ਲੈਕਚਰ, ਸਕਿੱਲ ਡਿਵੈਲਪਮੈਂਟ, ਹੋਟਲ ਮੈਨੇਜਮੈਂਟ ਨਾਲ ਸਬੰਧਤ ਸਿਖਲਾਈ ਤੋਂ ਇਲਾਵਾ ਪਲੇਸਮੈਂਟ ਵਿੱਚ ਹੋਟਲ ਅਤੇ ਸੰਸਥਾ ਦੇ ਆਪਸੀ ਸਹਿਯੋਗ ਰਾਹੀ